ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 220 | Thursday, November 12, 2020 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

# ਬਾਈਡੇਨ ਨੇ ਆਪਣੀ 'ਏਜੰਸੀ ਰੀਵੀਊ ਟੀਮ' ਵਿੱਚ 20 ਦੇ ਕਰੀਬ ਭਾਰਤੀ ਪ੍ਰਵਾਸੀ ਲਏ

ਵਾਸ਼ਿੰਗਟਨ, 11 ਨਵੰਬਰ, (ਪੋਸਟ ਬਿਊਰੋ)- ਅਮਰੀਕਾ ਵਿਚ ਹੋਈਆਂ ਰਾਸ਼ਟਰਪਤੀ ਚੋਣਾਂ ਦੇ ਜੇਤੂ ਜੋਅ ਬਾਈਡੇਨ ਨੇ ਆਪਣੀ 'ਏਜੰਸੀ ਰੀਵੀਊ ਟੀਮ' (ਆਰਟ) ਵਿਚ20 ਤੋਂ ਵੱਧ ਭਾਰਤੀ ਮੂਲ ਦੇ ਲੋਕਾਂ ਨੂੰਲਿਆ ਹੈ, ਜਿਨ੍ਹਾਂ ਵਿਚੋਂ 3 ਜਣੇ ਇਸ ਟੀਮ ਦੀ ਅਗਵਾਈ ਕਰਨਗੇ। ਇਹ ਟੀਮ ਮਹੱਤਵ ਪੂਰਨ ਫੈਡਰਲ ਏਜੰਸੀਆਂ ਦੀ ਮੌਜੂਦਾ ਪ੍ਰਸ਼ਾਸਨ ਵਿਚ ਕਾਰਜ ਪ੍ਰਣਾਲੀ ਦੀ ਸਮੀਖਿਆ ਕਰੇਗੀ ਤਾਂ ਜੋ ਸੱਤਾ ਦਾ ਟਰਾਂਸਫਰ ਸੁਚਾਰੂ ਢੰਗ ਨਾਲ ਯਕੀਨੀ ਕੀਤਾ ਜਾ ਸਕੇ।



ਨਵੇਂ ਚੁਣੇ ਜਾ ਚੁੱਕੇ ਰਾਸ਼ਟਰਪਤੀ ਜੋਅ ਬਾਈਡੇਨ ਦੀ ਟਰਾਂਸਫਰ ਟੀਮ ਨੇ ਕਿਹਾ ਕਿ ਅੱਜ ਤੱਕ ਦੇ ਰਾਸ਼ਟਰਪਤੀ ਟਰਾਂਸਫਰ ਟੀਮ ਦੇ ਇਤਿਹਾਸ ਵਿਚ ਇਹ ਟੀਮ ਸਭ ਤੋਂ ਵੱਧ ਵਿਭਿੰਨਤਾ ਵਾਲੀ ਹੈ।ਅਮਰੀਕਾ ਵਿਚ ਸੱਤਾ ਟਰਾਂਸਫਰ ਦੇ ਲਈ ਬਣਾਈ ਗਈ 'ਆਰਟ' ਟੀਮ ਵਿਚ ਸੈਂਕੜੇ ਮੈਂਬਰ ਹਨ, ਜਿਨ੍ਹਾਂ ਵਿੱਚੋਂ ਅੱਧੀਆਂਤੋਂਵੱਧਔਰਤਾਂ ਹਨ, 40 ਫੀਸਦੀ ਉਨ੍ਹਾਂ ਭਾਈਚਾਰਿਆਂ ਤੋਂ ਲਏ ਲੋਕ ਹਨ, ਜਿਨ੍ਹਾਂ ਦੀ ਫੈਡਰਲ ਸਰਕਾਰ ਵਿਚ ਇਤਿਹਾਸਕ ਪੱਖ ਤੋਂ ਘੱਟ ਨੁਮਾਇੰਦਗੀ ਰਹੀ ਹੈ। ਇਨ੍ਹਾਂ ਵਿਚ ਗੈਰ-ਗੋਰੇ, ਐੱਲ ਜੀ ਬੀ ਟੀ ਅਤੇ ਅੰਗਹੀਣ ਸ਼ਾਮਲ ਹਨ।

ਸਟੈਨਫੋਰਡ ਯੂਨੀਵਰਸਿਟੀ ਦੇ ਅਰੁਣ ਮਜੂਮਦਾਰ ਊਰਜਾ ਵਿਭਾਗ ਵਿਚ ਸੱਤਾ ਟਰਾਂਸਫਰ ਲਈ ਬਣੀ 'ਆਰਟ' ਦੀ ਅਗਵਾਈ ਕਰਨਗੇ ਅਤੇ ਰਾਹੁਲ ਗੁਪਤਾ ਨੈਸ਼ਨਲ ਡਰੱਗ ਕੰਟਰੋਲ ਨੀਤੀ ਦੇ ਕੇਸ ਵਿਚ ਅਗਵਾਈ ਕਰਨਗੇ। ਕਿਰਨ ਆਹੂਜਾ ਨੂੰ ਮੁਲਾਜ਼ਮਾਂ ਦੇ ਪ੍ਰਬੰਧ ਲਈ ਟੀਮ ਦੀ ਕਮਾਂਡ ਮਿਲੀ ਹੈ। ਪੁਨੀਤ ਤਲਵਾੜ ਨੂੰ ਵਿਦੇਸ਼ ਵਿਭਾਗ ਦੀ ਟੀਮ ਵਿਚ ਥਾਂ ਮਿਲੀ ਅਤੇ ਪਾਵ ਸਿੰਘ ਨੂੰ ਕੌਮੀ ਸੁਰੱਖਿਆ ਕੌਂਸਲ ਅਤੇ ਵਿਗਿਆਨ ਤੇ ਤਕਨਾਲੋਜੀ ਟੀਮ ਵਿਚ ਲਿਅ ਗਿਆ ਹੈ। ਇਸੇ ਤਰ੍ਹਾਂ ਅਰੁਣ ਵੇਂਕਟਰਮਨ ਨੂੰ ਵਪਾਰ ਅਤੇ ਯੂ ਐੱਸ ਟੀ ਆਰ ਮਾਮਲਿਆਂ ਦੀਆਂ ਦੋ ਟੀਮਾਂ ਵਿਚ ਸ਼ਾਮਲ ਕੀਤਾ ਹੈ।

ਜਿਹੜੇ ਹੋਰ ਪ੍ਰਮੁੱਖ ਭਾਰਤੀਆਂ ਨੂੰ ਬਾਈਡੇਨ ਦੀ 'ਆਰਟ' ਵਿਚ ਲਿਆ ਗਿਆ,ਉਨ੍ਹਾਂ ਵਿਚ ਪ੍ਰਵੀਨ ਰਾਘਵਨ ਤੇ ਆਤਮਨ ਤ੍ਰਿਵੇਦੀ ਨੂੰ ਵਿਭਾਗੀ ਮਾਮਲਿਆਂ ਦੀ ਟੀਮ ਵਿਚ, ਸਿੱਖਿਆ ਵਿਭਾਗ ਵਿਚ ਸ਼ੀਤਲ ਸ਼ਾਹ, ਊਰਜਾ ਵਿਭਾਗ ਵਿਚ, ਆਰ. ਰਮੇਸ਼ ਤੇ ਰਾਮਾ ਜ਼ਾਕਿਰ, ਅੰਦਰੂਨੀ ਸੁਰੱਖਿਆ ਟੀਮ ਵਿਚ ਸ਼ੁੱਭਸ਼੍ਰੀ ਰਾਮਨਾਥਨ, ਨਿਆਂ ਵਿਭਾਗ ਲਈ ਰਾਜ ਡੇਅ, ਕਿਰਤ ਵਿਭਾਗ ਲਈ ਸੀਮਾ ਨੰਦਾ ਤੇ ਡਿਪਲੋਮੇਟਿਕ, ਫੈਡਰਲ ਰਿਜਰਵ ਅਤੇ ਸਕਿਓਰਟੀਜ਼ ਤੇ ਬੈਂਕਿੰਗ ਕੇਸਾਂ ਲਈ ਰੀਨਾ ਅਗਰਵਾਲ ਅਤੇ ਸਤਿਅਮ ਖੰਨਾ, ਨਾਸਾ ਲਈ ਭਵਯਾ ਲਾਲ, ਕੌਮੀ ਸੁਰੱਖਿਆ ਕੌਂਸਲ ਲਈ ਦਿਲਪ੍ਰੀਤ ਸਿੱਧੂ, ਪ੍ਰਬੰਧ ਅਤੇ ਬੱਜਟ ਦਫਤਰ ਲਈ ਦਿਵਯ ਕੁਮਾਰਿਆਹ, ਖੇਤੀ ਵਿਭਾਗ ਲਈ ਕੁਮਾਰ ਚੰਦਰਨ ਅਤੇ ਪੋਸਟਲ ਸਰਵਿਸਲਈ ਅਨੀਸ਼ ਚੋਪੜਾ ਅਤੇ ਹੋਰ ਸ਼ਾਮਲ ਕੀਤੇ ਗਏ ਹਨ।'ਆਰਟ' ਵਿਚ ਇਹ ਸਾਰੇ ਮੈਂਬਰ ਵਾਲੰਟੀਅਰ ਦੇਤੌਰ ਉੱਤੇ ਸ਼ਾਮਲ ਕੀਤੇ ਗਏ ਹਨ, ਪਰ ਜ਼ਿੰਮੇਵਾਰੀਆਂ ਬਹੁਤ ਹੀ ਅਹਿਮ ਹਨ।

# 100 ਤੋਂ ਵੱਧ ਲੋਕਾਂ ਨਾਲ ਹੈਲੋਈਨ ਪਾਰਟੀ ਕਰਨ ਵਾਲੇ ਦੋ ਵਿਅਕਤੀਆਂ ਨੂੰ ਕੀਤਾ ਗਿਆ ਚਾਰਜ

ਓਨਟਾਰੀਓ, 11 ਨਵੰਬਰ (ਪੋਸਟ ਬਿਊਰੋ) : ਵੈਸਟਰਨ ਯੂਨੀਵਰਸਿਟੀ ਨੇੜੇ ਇੱਕ ਘਰ ਵਿੱਚ ਕੀਤੀ ਗਈ ਹਾਊਸ ਪਾਰਟੀ ਦੇ ਸਬੰਧ ਵਿੱਚ ਲੰਡਨ, ਓਨਟਾਰੀਓ ਪੁਲਿਸ ਵੱਲੋਂ ਦੋ ਵਿਅਕਤੀਆਂ ਨੂੰ ਚਾਰਜ ਕੀਤਾ ਗਿਆ ਹੈ।

ਪੁਲਿਸ ਦਾ ਕਹਿਣਾ ਹੈ ਕਿ 31 ਅਕਤੂਬਰ ਨੂੰ ਤੜਕੇ ਪੁਲਿਸ ਅਧਿਕਾਰੀ ਇੱਕ ਲੋਕਲ ਘਰ ਵਿੱਚ ਪਹੁੰਚੇ ਤੇ ਉਨ੍ਹਾਂ ਨੂੰ ਉੱਥੇ 100 ਤੋਂ ਵੀ ਵੱਧ ਲੋਕ ਪਾਰਟੀ ਕਰਦੇ ਮਿਲੇ। ਕਾਂਸਟੇਬਲ ਸੈਨਦਾਸਾ ਬੋਅ ਦਾ ਕਹਿਣਾ ਹੈ ਕਿ ਇਹ ਥਾਂ ਵੈਸਟਰਨ ਯੂਨੀਵਰਸਿਟੀ ਦੇ ਲਾਗੇ ਸਥਿਤ ਹੈ ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ ਚਾਰਜ ਕੀਤੇ ਗਏ ਦੋ ਵਿਅਕਤੀ ਵਿਦਿਆਰਥੀ ਹਨ। ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਚਸ਼ਮਦੀਦਾਂ ਦੇ ਕੋਲੋਂ ਸੂਹ ਮਿਲੀ ਤੇ ਉਹ ਜਾਂਚ ਲਈ ਸਿਟੀ ਤੇ ਲੋਕਲ ਪਬਲਿਕ



ਹੈਲਥ ਯੂਨਿਟ ਨਾਲ ਰਲ ਕੇ ਕੰਮ ਕਰ ਰਹੇ ਹਨ।

ਟੋਰਾਂਟੋ ਕੋਵਿਡ-19 ਇੰਸੀਡੈਂਟ ਕਮਾਂਡਰ ਐਂਡ ਚੀਫ ਮੈਥਿਊ ਪੈਂਗ ਵੱਲੋਂ ਐਲਾਨ ਕੀਤਾ ਗਿਆ ਸੀ ਕਿ ਸਿਟੀ ਵਿੱਚ ਵੱਡੀ ਹੈਲੋਈਨ ਪਾਰਟੀ ਤੋਂ ਬਾਅਦ ਚਾਰਜਿਜ਼ ਲਾਏ ਗਏ ਹਨ। ਇਸ ਸਬੰਧ ਵਿੱਚ ਲੰਡਨ ਦੇ ਇੱਕ 23 ਸਾਲਾ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ। ਉਸ ਉੱਤੇ ਰੀਓਪਨਿੰਗ ਓਨਟਾਰੀਓ ਐਕਟ ਦੀ ਉਲੰਘਣਾਂ ਦੇ ਸਬੰਧ ਵਿੱਚ ਇਹ ਚਾਰਜਿਜ਼ ਲਾਏ ਗਏ ਹਨ। ਇਸ ਤੋਂ ਇਲਾਵਾ ਲੰਡਨ ਦੇ ਹੀ ਇੱਕ ਹੋਰ 24 ਸਾਲਾ ਵਿਅਕਤੀ ਉੱਤੇ ਵੀ ਚਾਰਜਿਜ਼ ਲਾਏ ਗਏ ਹਨ।

# ਟੋਰਾਂਟੋ ਵਿੱਚ ਸਰਗਰਮ ਹੈ ਟੈਕਸੀ ਸਕੈਮ ਕਰਨ ਵਾਲਾ ਗਿਰੋਹ

ਟੋਰਾਂਟੋ, 11 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਵੱਲੋਂ ਪਬਲਿਕ ਸੇਫਟੀ ਐਲਰਟ ਵਾਰਨਿੰਗ ਜਾਰੀ ਕੀਤੀ ਗਈ ਹੈ। ਇਹ ਵਾਰਨਿੰਗ ਕੋਵਿਡ-19 ਨਾਲ ਸਬੰਧਤ ਟੈਕਸੀ ਫਰਾਡ ਸਕੈਮ ਦੀ ਹੈ। ਇਸ ਸਕੈਮ ਤਹਿਤ ਦੋ ਵਿਅਕਤੀ ਤੀਜੀ ਧਿਰ ਨੂੰ ਇਸ ਗੱਲ ਲਈ ਰਾਜ਼ੀ ਕਰਦੇ ਹਨ ਕਿ ਉਹ ਆਪਣੇ ਡੈਬਿਟ ਕਾਰਡ ਦੀ ਵਰਤੋਂ ਕਰੇ ਤੇ ਫਿਰ ਉਹ ਉਸ ਨੂੰ ਕਿਸੇ ਹੋਰ ਨਾਲ ਬਦਲ ਦਿੰਦੇ ਹਨ।

ਪੁਲਿਸ ਅਨੁਸਾਰ ਇਹ ਸਕੈਮ ਦੋ ਮਸ਼ਕੂਕਾਂ ਨਾਲ ਸ਼ੁਰੂ ਹੋਇਆ। ਇਨ੍ਹਾਂ ਵਿੱਚੋਂ ਇੱਕ ਟੈਕਸੀ ਡਰਾਈਵਰ ਦਾ ਰੂਪ ਧਾਰਦਾ ਹੈ ਤੇ ਦੂਜਾ ਕਸਟਮਰ ਬਣਦਾ ਹੈ ਤੇ ਫਿਰ ਦੋਵੇਂ ਪੇਅਮੈਂਟ ਨੂੰ ਲੈ ਕੇ ਝਗੜਦੇ ਹਨ। ਜਾਅਲੀ ਡਰਾਈਵਰ ਇਹ ਦਰਸਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਕੋਵਿਡ-19 ਕਾਰਨ ਉਹ ਕੈਸ਼ ਨਹੀਂ ਲੈ ਸਕਦੇ।ਕੱਲ੍ਹ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਪੁਲਿਸ ਨੇ ਦੱਸਿਆ ਕਿ ਕੋਈ ਨਾ ਕੋਈ ਰਾਹਗੀਰ ਉਨ੍ਹਾਂ ਦੀ ਇਹ ਤਕਰਾਰ ਸੁਣ ਲੈਂਦਾ ਹੈ ਤੇ ਉਨ੍ਹਾਂ ਦੀ ਮਦਦ ਕਰਨ ਲਈ ਸਫਰ ਦਾ



ਕਿਰਾਇਆ ਦੇਣ ਲਈ ਆਪਣੇ ਡੈਬਿਟ ਕਾਰਡ ਦੀ ਵਰਤੋਂ ਕਰਨ ਦੀ ਪੇਸ਼ਕਸ਼ ਕਰਦਾ ਹੈ। ਫਿਰ ਉਹ ਰਾਹਗੀਰ ਆਪਣੇ ਡੈਬਿਟ ਕਾਰਡ ਲਈ ਮੋਡੀਫਾਈਡ ਪੁਆਇੰਟ ਆਫ ਸੇਲ ਟਰਮੀਨਲ ਵਿੱਚ ਪਿੰਨ ਨੰਬਰ ਭਰਦਾ ਹੈ ਤੇ ਫਿਰ ਸੇਲ ਟਰਮੀਨਲ ਕਾਰਡ ਦਾ ਡਾਟਾ ਤੇ ਪਿੰਨ ਨੰਬਰ ਰਿਕਾਰਡ ਕਰ ਲੈਂਦਾ ਹੈ। ਇੱਕ ਵਾਰੀ ਲੈਣ ਦੇਣ ਪੂਰਾ ਹੋਣ ਤੋਂ ਬਾਅਦ ਇਸ ਠੱਗੀ ਦਾ ਸ਼ਿਕਾਰ ਹੋਣ ਵਾਲੇ ਵਿਅਕਤੀ ਨੂੰ ਉਸ ਦੇ ਕਾਰਡ ਨਾਲ ਹੀ ਮੇਲ ਖਾਂਦਾ ਕਿਸੇ ਹੋਰ ਬੈਂਕ ਦਾ ਕਾਰਡ ਦੇ ਦਿੱਤਾ ਜਾਦਾ ਹੈ ਤੇ ਨਾਲ ਹੀ ਨਕਦੀ ਵੀ ਦੇ ਦਿੱਤੀ ਜਾਂਦੀ ਹੈ।

ਇਸ ਤਰ੍ਹਾਂ ਮਸ਼ਕੂਕਾਂ ਕੋਲ ਸਬੰਧਤ ਵਿਅਕਤੀ ਦਾ ਅਸਲ ਡੈਬਿਟ ਕਾਰਡ ਤੇ ਪਿੰਨ ਨੰਬਰ ਆ ਜਾਂਦਾ ਹੈ ਤੇ ਫਿਰ ਉਹ ਉਸ ਦੇ ਖਾਤੇ ਵਿੱਚੋਂ ਚੰਗੀ ਰਕਮ ਉੱਤੇ ਹੱਥ ਸਾਫ ਕਰ ਦਿੰਦੇ ਹਨ। ਜਾਂਚਕਾਰਾਂ ਦਾ ਮੰਨਣਾ ਹੈ ਕਿ ਇਸ ਤਰ੍ਹਾਂ ਦੇ ਕਈ ਸਕੈਮ ਕਰਨ ਵਾਲੇ ਲੋਕ ਸਰਗਰਮ ਹਨ। ਇਸ ਨੂੰ ਟੈਕਸੀ ਸਕੈਮ ਵਜੋ ਜਾਣਿਆ ਜਾ ਰਿਹਾ ਹੈ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance | Super Visa Insurance
Critical illness Ins | Mortgage Insurance
Travel & Visitor Ins | Disability Insurance
RESP & TFSA & RRSP | Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axel InsuranceBrokers Ltd. | 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar
647-780-2022
120 Woodstream Blvd, Woodbridge, ON, L4L 7Z1

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

NM Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
Best INR Rate
Fastest Service
24x7 Service
Secure Transaction
Special Business Account
Toll Free: 1833 823 5439 | 647 783 0049

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL
416 938 4598


CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets | Completly Furnished
Legal Basement | Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca




NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਮਿਸੀਸਾਗਾ ਦੇ ਕਤਲ ਦੇ ਸਬੰਧ ਵਿੱਚ ਚਾਰ ਮਸ਼ਕੂਕ ਗ੍ਰਿਫਤਾਰ

ਮਿਸੀਸਾਗਾ, 11 ਨਵੰਬਰ (ਪੋਸਟ ਬਿਊਰੋ) : ਪਿਛਲੇ ਸਾਲ ਮਿਸੀਸਾਗਾ ਵਿੱਚ ਸਟੱਫਵਿੱਲ ਦੇ ਇੱਕ ਵਿਅਕਤੀ ਦਾ ਕਤਲ ਕਰਨ ਦੇ ਸਬੰਧ ਵਿੱਚ ਪੁਲਿਸ ਨੇ ਚੌਥੇ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਹੈ।

ਬਰੈਂਪਟਨ ਦੇ 34 ਸਾਲਾ ਜਸਟਿਨ ਮੈਲਕੌਮ ਨੂੰ ਮਾਰੀਓ ਇਬ੍ਰਾਹਿਮ ਦੀ ਮੌਤ ਦੇ ਸਬੰਧ ਵਿੱਚ ਫਰਸਟ ਡਿਗਰੀ ਮਰਡਰ ਲਈ ਚਾਰਜ ਕੀਤਾ ਗਿਆ ਹੈ। ਉਸ ਦੀ ਗ੍ਰਿਫਤਾਰੀ ਲਈ ਮਾਰਚ 2020 ਵਿੱਚ ਵਾਰੰਟ ਜਾਰੀ ਕੀਤੇ ਗਏ ਸਨ। ਇੱਥੇ ਦੱਸਣਾ ਬਣਦਾ ਹੈ ਕਿ 26 ਸਾਲਾ ਇਬ੍ਰਾਹਿਮ 22 ਅਕਤੂਬਰ, 2019 ਦੀ ਰਾਤ ਨੂੰ ਬਰਨਹੈਮਥੌਰਪ ਰੋਡ ਵੈਸਟ ਤੇ ਕੌਨਫੈਡਰੇਸ਼ਨ ਪਾਰਕਵੇਅ ਨੇੜੇ ਵੈੱਬ ਡਰਾਈਵ ਉੱਤੇ ਸਥਿਤ ਕੌਂਡੋ ਕਾਂਪਲੈਕਸ ਦੇ ਬਾਹਰ ਪਾਰਕ ਕੀਤੀ ਗਈ ਆਪਣੀ ਕਾਰ ਵਿੱਚ ਬੈਠਾ ਸੀ।

ਪੁਲਿਸ ਨੇ ਦੱਸਿਆ ਕਿ ਇੱਕ ਮਸ਼ਕੂਕ ਕਾਰ ਕੋਲ ਆਇਆ ਤੇ ਉਸ ਨੇ ਇਬ੍ਰਾਹਿਮ ਉੱਤੇ ਕਈ ਗੋਲੀਆਂ ਚਲਾਈਆਂ ਤੇ ਫਿਰ ਮੌਕੇ ਤੋਂ ਫਰਾਰ ਹੋ ਗਿਆ। ਬਾਅਦ ਵਿੱਚ ਇਬ੍ਰਾਹਿਮ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਇੱਕ ਰਲੀਜ਼ ਵਿੱਚ ਪੀਲ ਪੁਲਿਸ ਨੇ ਆਖਿਆ ਕਿ ਇਬ੍ਰਾਹਿਮ ਆਪਣੇ ਦੋਸਤ ਨਾਲ 20 ਅਕਤੂਬਰ ਨੂੰ ਮਿਸੀਸਾਗਾ ਤੋਂ ਤੁਰਿਆ ਸੀ ਤੇ ਉਹ




ਹਾਈਵੇਅ 401 ਉੱਤੇ ਜਾ ਰਹੇ ਸਨ ਤੇ ਜਦੋਂ ਹਾਈਵੇਅ 427 ਉੱਤੇ ਪਹੁੰਚਣ ਵਾਲੇ ਹੋਏ ਤਾਂ ਇੱਕ ਹੋਰ ਗੱਡੀ ਉਨ੍ਹਾਂ ਦੇ ਨਾਲ ਪਹੁੰਚੀ ਤੇ ਉਨ੍ਹਾਂ ਉੱਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਘਟਨਾ ਵਿੱਚ ਕੋਈ ਵੀ ਜ਼ਖ਼ਮੀ ਨਹੀਂ ਹੋਇਆ। 30 ਦਸੰਬਰ, 2019 ਨੂੰ ਪੁਲਿਸ ਨੇ ਬਰੈਂਪਟਨ ਦੇ 38 ਸਾਲਾ ਜੇਸਨ ਵਿਲੀਅਮਜ਼ ਨੂੰ ਗ੍ਰਿਫਤਾਰ ਕੀਤਾ ਤੇ ਇਬ੍ਰਾਹਿਮ ਦੇ ਫਰਸਟ ਡਿਗਰੀ ਮਰਡਰ ਦੇ ਮਾਮਲੇ ਵਿੱਚ ਉਸ ਨੂੰ ਚਾਰਜ ਕੀਤਾ ਗਿਆ। ਵਿਲੀਅਮਜ਼ ਨੂੰ ਹੁਣ 20 ਅਕਤੂਬਰ, 2019 ਨੂੰ ਹੋਈ ਹਾਈਵੇਅ ਸ਼ੂਟਿੰਗ ਦੇ ਸਬੰਧ ਵਿੱਚ ਕਤਲ ਦੀ ਕੋਸ਼ਿਸ਼ ਦੇ ਮਾਮਲੇ ਵਿੱਚ ਚਾਰਜ ਕੀਤਾ ਗਿਆ ਹੈ। ਵਿਲੀਅਮਜ਼ ਤੀਜਾ ਵਿਅਕਤੀ ਹੈ ਜਿਸ ਨੂੰ ਇਬ੍ਰਾਹਿਮ ਦੀ ਮੌਤ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਹੈ। ਮਿਸੀਸਾਗਾ ਦੇ 24 ਸਾਲਾ ਬ੍ਰੈਂਡਨ ਡਰੇਕ ਸਾਇਮਨ ਤੇ 24 ਸਾਲਾ ਮੈਲਨੀ ਕ੍ਰਿਸਟੀਨ ਨੂੰ ਵੀ ਇਸ ਮਾਮਲੇ ਵਿੱਚ ਫਰਸਟ ਡਿਗਰੀ ਮਰਡਰ ਲਈ 4 ਦਸੰਬਰ, 2019 ਨੂੰ ਚਾਰਜ ਕੀਤਾ ਗਿਆ ਸੀ।

# ਪੁਲਿਸ ਡਾਟਾਬੇਸ ਦੀ ਅਣਅਧਿਕਾਰਤ ਵਰਤੋਂ ਲਈ ਅਧਿਕਾਰੀ ਨੂੰ ਕੀਤਾ ਗਿਆ ਚਾਰਜ

ਟੋਰਾਂਟੋ, 11 ਨਵੰਬਰ (ਪੋਸਟ ਬਿਊਰੋ) : ਹੈਮਿਲਟਨ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਆਪਣੇ ਹੀ ਇੱਕ ਅਧਿਕਾਰੀ ਨੂੰ ਬ੍ਰੀਚ ਆਫ ਟਰਸਟ ਤੇ ਕੰਪਿਊਟਰ ਦੀ ਅਣਅਧਿਕਾਰਕ ਵਰਤੋਂ ਦੇ ਦੋਸ਼ਾਂ ਦੇ ਸਬੰਧ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ।

ਛੇ ਸਾਲਾਂ ਤੋਂ ਫੋਰਸ ਦੇ ਮੈਂਬਰ ਮਾਈਲਜ਼ ਮਿਕੈਲਫ ਨੂੰ ਸੋਮਵਾਰ ਨੂੰ ਨਾਇਗਰਾ ਰੀਜਨ ਤੋਂ ਗ੍ਰਿਫਤਾਰ ਕੀਤਾ ਗਿਆ। ਪੁਲਿਸ ਦਾ ਕਹਿਣਾ ਹੈ ਕਿ ਉਸ ਨੂੰ ਬ੍ਰੀਚ ਆਫ ਟਰਸਟ ਦੇ ਸੱਤ ਮਾਮਲਿਆਂ ਵਿੱਚ ਤੇ ਕੰਪਿਊਟਰ ਦੀ ਅਣਅਧਿਕਾਰਤ ਵਰਤੋਂ ਦੇ ਨੌਂ




ਮਾਮਲਿਆਂ ਵਿੱਚ ਚਾਰਜ ਕੀਤਾ ਗਿਆ ਹੈ।

ਜਾਂਚਕਾਰਾਂ ਨੇ ਦੋਸ਼ ਲਾਏ ਕਿ ਇਹ ਸਾਰੇ ਚਾਰਜਿਜ਼ ਪੁਲਿਸ ਡਾਟਾਬੇਸ ਦੀ ਵਰਤੋਂ ਨਾਲ ਸਬੰਧਤ ਹਨ। ਪੁਲਿਸ ਸਰਵਿਸ ਐਕਟ ਆਫ ਓਨਟਾਰੀਓ ਤਹਿਤ ਮਿਕੈਲਫ ਨੂੰ ਤਨਖਾਹ ਸਮੇਤ ਸਸਪੈਂਡ ਕੀਤਾ ਗਿਆ ਹੈ। ਉਸ ਨੂੰ 8 ਦਸੰਬਰ ਨੂੰ ਹੈਮਿਲਟਨ ਦੀ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਅਰਨਬ ਗੋਸਵਾਮੀ ਨੂੰ ਸੁਪਰੀਮ ਕੋਰਟ ਤੋਂ ਜ਼ਮਾਨਤ ਮਿਲੀ, ਤੁਰੰਤ ਰਿਹਾਈ ਦੇ ਆਦੇਸ਼

ਨਵੀਂ ਦਿੱਲੀ, 11 ਨਵੰਬਰ, (ਪੋਸਟ ਬਿਊਰੋ)- ਰਿਪਬਲਿਕ ਟੀ ਵੀ ਦੇ ਐਡੀਟਰ-ਇਨ-ਚੀਫ਼ ਅਰਨਬ ਗੋਸਵਾਮੀ ਵਲੋਂ ਪੇਸ਼ ਕੀਤੀ ਜ਼ਮਾਨਤ ਦੀ ਅਰਜ਼ੀ ਉੱਤੇ ਸੁਣਵਾਈ ਹੋਣ ਤੋਂ ਬਾਅਦਭਾਰਤ ਦੀ ਸੁਪਰੀਮ ਕੋਰਟ ਨੇ ਬੁੱਧਵਾਰ ਅੱਜ ਉਸ ਨੂੰ ਅੰਤਰਿਮ ਜ਼ਮਾਨਤ ਦੇ ਦਿੱਤੀ ਹੈ। ਇੱਕ ਇੰਟੀਰੀਅਰ ਡੈਕੋਰੇਟਰ ਨੂੰ ਖ਼ੁਦਕੁਸ਼ੀ ਲਈ ਉਕਸਾਉਣਦੇ ਕੇਸ ਵਿੱਚ ਅਰਨਬ ਗੋਸਵਾਮੀ ਦੇ ਨਾਲ ਦੂਸਰੇ ਦੋਸ਼ੀ ਨੂੰ ਵੀ ਜ਼ਮਾਨਤ ਮਿਲ ਗਈ ਹੈ। ਕੋਰਟ ਨੇ ਜੇਲ ਪ੍ਰਸ਼ਾਸਨ ਤੇ ਕਮਿਸ਼ਨਰ ਨੂੰ ਆਦੇਸ਼ ਦਾ ਪਾਲਣ ਯਕੀਨੀ ਕਰਨ ਦੇ ਹੁਕਮਾਂ ਨਾਲ ਕਿਹਾ ਹੈ ਕਿ ਉਹ ਨਹੀਂ ਚਾਹੁੰਦੇ ਕਿ ਰਿਹਾਈ ਵਿੱਚ 2 ਦਿਨ ਦੇਰੀ ਹੋਵੇ। ਕੋਰਟ ਨੇ ਕਿਹਾ ਕਿ ਜੇ ਅਸੀਂ ਹੇਠਲੀ ਅਦਾਲਤ ਨੂੰ ਜ਼ਮਾਨਤ ਦੀਆਂ ਸ਼ਰਤਾਂ



ਲਾਉਣ ਨੂੰ ਕਹਿੰਦੇ ਤਾਂ 2 ਦਿਨ ਲੱਗ ਜਾਂਦੇ, ਇਸ ਲਈ ਅਸੀਂ 50 ਹਜ਼ਾਰ ਰੁਪਏ ਦਾ ਨਿੱਜੀ ਬਾਂਡ ਜੇਲ ਪ੍ਰਸ਼ਾਸਨ ਕੋਲ ਹੀ ਭਰਨ ਲਈ ਕਹਿ ਦਿੱਤਾ ਹੈ। ਵਰਨਣ ਯੋਗ ਹੈ ਕਿ ਬੰਬੇ ਹਾਈ ਕੋਰਟ ਨੇ ਅਰਨਬ ਗੋਸਵਾਮੀ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਜਿਸ ਤੋਂ ਬਾਅਦ ਉਹ ਸੁਪਰੀਮ ਕੋਰਟ ਗਏ ਸਨ।ਮਾਮਲੇ ਦੀ ਸੁਣਵਾਈ ਜਸਟਿਸ ਡੀ ਵਾਈ ਚੰਦਰਚੂੜ ਅਤੇ ਜਸਟਿਸ ਇੰਦਰਾ ਬੈਨਰਜੀ ਦੀ ਬੈਂਚ ਨੇ ਕੀਤੀ ਹੈ। ਇਸ ਮੌਕੇ ਜਸਟਿਸ ਚੰਦਰਚੂੜ ਨੇ ਕਿਹਾ ਕਿ ਜੇ ਸੂਬਾ ਸਰਕਾਰਾਂ ਲੋਕਾਂ ਨੂੰ ਇੰਜ ਹੀ ਨਿਸ਼ਾਨਾ ਬਣਾਉਂਦੀਆਂ ਹਨ ਤਾਂ ਉਨ੍ਹਾਂ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਨਾਗਰਿਕਾਂ ਦੀ ਆਜ਼ਾਦੀ ਦੀ ਰੱਖਿਆ ਲਈ ਸੁਪਰੀਮ ਕੋਰਟ ਮੌਜੂਦ ਹੈ। ਸੁਪਰੀਮ ਕੋਰਟ ਨੇ ਇਸ ਗੱਲ ਉੱਤੇ ਚਿੰਤਾ ਜ਼ਾਹਰ ਕੀਤੀ ਹੈ ਕਿ ਸੂਬਾ ਸਰਕਾਰਾਂ ਕੁਝ ਲੋਕਾਂ ਨੂੰ ਵਿਚਾਰਧਾਰਾ ਅਤੇ ਵੋਟ ਦੇ ਵਖਰੇਵੇਂਕਾਰਨ ਨਿਸ਼ਾਨਾ ਬਣਾ ਰਹੀਆਂ ਹਨ। ਅਰਨਬ ਦੀ ਅੰਤਰਿਮ ਜ਼ਮਾਨਤ ਦੀ ਪਟੀਸ਼ਨ ਉੱਤੇ ਸੁਣਵਾਈ ਕਰਦੇ ਹੋਏ ਅਦਾਲਤ ਨੇ ਕਿਹਾ, 'ਅਸੀਂ ਦੇਖ ਰਹੇ ਹਾਂ ਕਿ ਇਕ ਤੋਂ ਬਾਅਦ ਇਕ ਅਜਿਹਾ ਕੇਸਆ ਰਿਹਾ ਹੈ, ਜਿਸ ਵਿੱਚ ਹਾਈ ਕੋਰਟਾਂ ਜ਼ਮਾਨਤ ਨਹੀਂ ਦੇ ਰਹੀਆਂ ਅਤੇ ਉਹ ਲੋਕਾਂ ਦੀ ਆਜ਼ਾਦੀ, ਨਿੱਜੀ ਆਜ਼ਾਦੀ ਦੀ ਰਾਖੀ ਕਰਨ ਤੋਂ ਅਸਫ਼ਲ ਹੋ ਰਹੀਆਂ ਹਨ।'' ਅਦਾਲਤ ਨੇ ਮਹਾਰਾਸ਼ਟਰ ਸਰਕਾਰ ਤੋਂ ਜਾਣਨਾ ਚਾਹਿਆ ਕਿ ਕੀ ਅਰਨਬ ਗੋਸਵਾਮੀ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਤੋਂ ਪੁੱਛਗਿੱਛ ਦੀ ਕੋਈ ਲੋੜ ਸੀ, ਕਿਉਂਕਿ ਉਹ ਨਿੱਜੀ ਆਜ਼ਾਦੀ ਨਾਲ ਸੰਬੰਧਤ ਕੇਸ ਹੈ। ਅਦਲਾਤ ਨੇ ਟਿੱਪਣੀ ਕੀਤੀ ਕਿ ਭਾਰਤੀ ਲੋਕਤੰਤਰ ਅਸਾਧਾਰਨ ਢੰਗ ਨਾਲ ਲਚਕੀਲਾ ਹੈ ਅਤੇ ਮਹਾਰਾਸ਼ਟਰ ਸਰਕਾਰ ਨੂੰ ਇਸ ਸਭ (ਟੀਵੀ ਉੱਤੇ ਅਰਨਬ ਦੇ ਮਿਹਣੇ) ਨੂੰ ਨਜ਼ਰਅੰਦਾਜ਼ ਕਰਨਾ ਚਾਹੀਦਾ ਹੈ। ਅਰਨਬ ਗੋਸਵਾਮੀ ਨੂੰ ਸਾਲ 2018 ਵਿੱਚਇੱਕ ਇੰਟੀਰੀਅਰ ਡਿਜ਼ਾਈਨਰ ਅਨਵਯ ਨਾਈਕ ਤੇ ਉਨ੍ਹਾਂ ਦੀ ਮਾਂ ਦੀ ਖ਼ੁਦਕੁਸ਼ੀ ਨਾਲ ਸੰਬੰਧਤ ਕੇਸ ਵਿੱਚ ਚਾਰ ਨਵੰਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

# ਸਕਾਰਬੌਰੋ ਵਿੱਚ ਗੋਲੀ ਲੱਗਣ ਕਾਰਨ ਇੱਕ ਵਿਅਕਤੀ ਜ਼ਖ਼ਮੀ

ਸਕਾਰਬੌਰੋ, 11 ਨਵੰਬਰ (ਪੋਸਟ ਬਿਊਰੋ) : ਕੱਲ੍ਹ ਰਾਤ ਸਟੌਕਯਾਰਡਜ਼ ਡਿਸਟ੍ਰਿਕਟ ਨੇੜੇ ਚੱਲੀ ਗੋਲੀ ਵਿੱਚ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ। ਸੇਂਟ ਕਲੇਅਰ ਐਵਨਿਊ ਵੈਸਟ ਨੇੜੇ ਰਨੀਮੇਡ ਰੋਡ ਤੇ ਲਿਵਰਪੂਲ ਸਟਰੀਟ ਉੱਤੇ ਪੁਲਿਸ ਕਈ ਗੋਲੀਆਂ ਚੱਲਣ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਰਾਤੀਂ 11:00 ਵਜੇ ਪਹੁੰਚੀ। ਮੌਕੇ ਉੱਤੇ ਪੁਲਿਸ ਨੂੰ ਇੱਕ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ ਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ।

ਸ਼ੁਰੂ ਵਿੱਚ ਪੁਲਿਸ ਨੇ ਦੱਸਿਆ ਕਿ ਉਸ ਦੀ ਹਾਲਤ ਗੰਭੀਰ ਲੱਗਦੀ ਹੈ ਪਰ ਬਾਅਦ ਵਿੱਚ ਉਸ ਦੇ ਜ਼ਖ਼ਮ ਮਾਮੂਲੀ ਨਿਕਲੇ ਤੇ ਉਸ ਨੂੰ ਹਸਪਤਾਲ ਤੋਂ ਰਿਹਾਅ ਕਰ ਦਿੱਤਾ ਗਿਆ। ਅਜੇ ਤੱਕ ਕਿਸੇ ਮਸ਼ਕੂਕ ਦੇ ਸਬੰਧ ਵਿੱਚ ਕੋਈ ਖਬਰ ਨਹੀਂ ਮਿਲੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਦੋ ਮਹੀਨੇ ਕਿਸਾਨ ਸੰਘਰਸ਼ ਚੱਲਣ ਪਿੱਛੋਂ ਸੰਨੀ ਦਿਓਲ ਨੂੰ ਪੰਜਾਬ ਦੀ ਯਾਦ ਆਈ

*** ਕੈਪਟਨ ਨੂੰ ਰੇਲ ਲਾਈਨਾਂ ਖਾਲੀ ਕਰਾਉਣ ਲਈ ਲਿਖਿਆ * ਕਿਸਾਨਾਂ ਨੂੰ ਦਿੱਲੀ ਮੀਟਿੰਗ ਵਿੱਚ ਜਾਣ ਦੀ ਅਪੀਲ**

ਗੁਰਦਾਸਪੁਰ, 11 ਨਵੰਬਰ, (ਪੋਸਟ ਬਿਊਰੋ)- ਗੁਰਦਾਸਪੁਰ ਪਾਰਲੀਮੈਂਟਰੀ ਹਲਕੇ ਤੋਂ ਲੋਕ ਸਭਾ ਮੈਂਬਰ ਅਤੇ ਅਭਿਨੇਤਾ ਸੰਨੀ ਦਿਓਲ ਨੂੰ ਵੀ ਪੰਜਾਬ ਦੇ ਹਾਲਾਤ ਦੀ ਯਾਦ ਆ ਗਈ ਹੈ। ਦੋ ਮਹੀਨੇ ਕਿਸਾਨ ਸੰਘਰਸ਼ ਚੱਲਣ ਦੇ ਬਾਅਦ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸੰਨੀ ਦਿਓਲ ਨੇ ਇਕ ਪੱਤਰ ਲਿਖਿਆ ਹੈ।

ਇਸ ਪੱਤਰ ਵਿੱਚਸੰਨੀ ਦਿਓਲ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਰੇਲ ਟਰੈਕ ਖਾਲੀ ਕਰਾਉਣ ਵਾਸਤੇ ਕਿਹਾ ਹੈ। ਉਨ੍ਹਾਂ ਨੇ ਲਿਖਿਆ ਹੈ ਕਿ ਪੰਜਾਬ ਵਿੱਚ ਲਗਭਗ 50 ਦਿਨਾਂ ਤੋਂ ਅੰਦੋਲਨ ਚੱਲ ਰਿਹਾ ਹੈ ਅਤੇ ਰੇਲਾਂ ਰੋਕਣ ਦੇ ਨਾਲ ਕਈ ਥਾਵਾਂ ਉੱਤੇ ਸੜਕ ਆਵਾਜਾਈ ਵੀ ਰੋਕੀ ਗਈ ਹੈ, ਜਿਸ ਦਾ ਬੁਰਾ ਪ੍ਰਭਾਵ ਸੂਬੇ ਦੇ ਵਪਾਰ-ਕਾਰੋਬਾਰ, ਕਿਸਾਨਾਂ, ਆਮ ਲੋਕਾਂ ਤੇ ਸਰਕਾਰ ਦੀ ਆਮਦਨ ਉੱਤੇ ਪੈ ਰਿਹਾ ਹੈ। ਪੰਜਾਬ ਦੀ ਅਰਥਵਿਵਸਥਾ ਬੁਰੀ ਤਰ੍ਹਾਂ ਹਿੱਲ ਗਈ ਹੈ ਅਤੇ ਵਪਾਰ, ਕਾਰੋਬਾਰ, ਉਦਯੋਗ ਦੇ ਨਾਲ ਐਕਸਪੋਰਟ ਖਤਮ ਹੋਣ ਕੰਢੇ ਉੱਤੇ ਹਨ। ਆਪਣੇ ਟਵਿਟਰ ਅਕਾਊਂਟਤੋਂ ਸੰਨੀ ਦਿਓਲ ਨੇ ਲਿਖਿਆ ਕਿ ਪੰਜਾਬ ਦੇ ਸਮੁੱ-ਚੇ ਵਿਕਾਸ ਦੇ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਹੈ ਕਿ ਰੇਲਵੇ ਬੋਰਡ ਦੀਆਂ ਲੋੜਾਂ ਮੁਤਾਬਕ ਰੇਲ ਟਰੈਕ ਖਾਲੀ ਕਰਵਾਏ ਜਾਣ ਤਾਂ ਜੋ ਪੰਜਾਬੀਆਂ ਅਤੇ ਪੰਜਾਬ ਦਾ ਆਰਥਿਕ ਨੁਕਸਾਨ ਨਾ ਹੋਵੇ। ਉਨ੍ਹਾਂ ਇਹ ਵੀ ਕਿਹਾ ਹੈ ਕਿ ਅੰਦੋਲਨ ਕਰਨ ਦਾ ਲੋਕਤੰਤਰੀ ਹੱਕ ਹੈ, ਪਰ ਪੰਜਾਬ ਸਰਕਾਰ ਦੀਇਹ ਜ਼ਿੰਮੇਵਾਰੀ ਹੈ ਕਿ ਇਸ ਨਾਲ ਹੋਰ ਨਾਗਰਿਕਾਂ ਦੀ ਆਮਦਨ ਦੇ ਸਾਧਨ ਨਾ ਰੁਕਣ।

ਇਹੀ ਨਹੀਂ, ਇਸ ਮੌਕੇ ਸੰਨੀ ਦਿਓਲ ਨੇ ਖੇਤੀ ਕਾਨੂੰਨਾਂਕਾਰਨ ਨਾਰਾਜ਼ ਹੋਏ



ਕਿਸਾਨ ਜਥੇਬੰਦੀਆਂ ਦੇ ਆਗੂਆਂ ਦੇ ਨਾਂਅ ਵੀਪੱਤਰ ਲਿਖਿਆ ਹੈ, ਜਿਸ ਵਿੱਚ ਉਨ੍ਹਾਂ ਨੇ ਕਿਸਾਨ ਸੰਗਠਨਾਂ ਨੂੰ ਅਪੀਲ ਕੀਤੀ ਹੈ ਕਿ 13 ਨਵੰਬਰ ਨੂੰ ਕਿਸਾਨ ਆਗੂਆਂ ਅਤੇ ਕੇਂਦਰੀ ਮੰਤਰੀਆਂ ਵਿਚਾਲੇ ਦਿੱਲੀ ਵਿੱਚ ਗੱਲਬਾਤ ਵਿੱਚ ਹਿੱਸਾ ਜ਼ਰੂਰ ਲੈਣ। ਉਨ੍ਹਾਂ ਕਿਹਾ ਕਿ ਮੀਡੀਆ ਤੋਂ ਮਿਲੀ ਜਾਣਕਾਰੀ ਮੁਤਾਬਕ ਕੇਂਦਰ ਦੇ ਸੱਦੇਦਾ ਫੈਸਲਾ ਕਰਨ ਲਈ ਕਿਸਾਨ ਸੰਗਠਨਾਂ ਨੇ ਬੈਠਕ ਸੱਦੀ ਹੈ। ਉਨ੍ਹਾਂ ਲਿਖਿਆ ਕਿ ਪੰਜਾਬ ਦੇ ਹਾਲਾਤ ਦਾ ਧਿਆਨ ਰੱਖ ਕੇ ਸੰਗਠਨਾਂ ਦੇ ਆਗੂ ਇਹ ਸੱਦਾਮੰਨ ਲੈਣ ਤੇ ਬੈਠਕ ਵਿੱਚ ਜ਼ਰੂਰ ਜਾਣ। ਉਨ੍ਹਾਂ ਲਿਖਿਆ ਕਿ ਇਤਿਹਾਸ ਗਵਾਹ ਹੈ ਕਿ ਵੱਡੀ ਤੋਂ ਵੱਡੀ ਸਮੱਸਿਆ, ਵਿਵਾਦ ਤੇ ਮੰਗਾਂ ਦਾ ਹੱਲ ਗੱਲਬਾਤ ਨਾਲ ਨਿਕਲਿਆ ਹੈ, ਇਸ ਲਈ ਕਿਸਾਨ ਇਸ ਸੱਦੇ ਨੂੰ ਰੱਦ ਨਾ ਕਰਨ। ਸੰਨੀ ਦਿਓਲ ਨੇ ਲਿਖਿਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਿਸਾਨਾਂ ਦੇ ਹਿੱਤ ਚਿੰਤਕ ਹਨ ਅਤੇ ਕੇਂਦਰ ਸਰਕਾਰ ਸਭ ਨਾਲ ਗੱਲ ਕਰਕੇ ਉਨ੍ਹਾਂ ਦੇ ਮੁੱਦਿਆਂ ਦਾ ਹੱਲ ਕਰਨ ਦੀ ਇੱਛਾ ਤੇ ਨੀਤ ਰੱਖਦੀ ਹੈ। ਇਸੇ ਕਾਰਨ ਪਹਿਲਾਂ ਖੇਤੀ ਤੇ ਕਿਸਾਨ ਭਲਾਈ ਮੰਤਰਾਲੇ ਦੇ ਸੱਦੇ ਉੱਤੇ ਸੰਗਠਨਾਂ ਦੀ ਅਧਿਕਾਰੀਆਂ ਨਾਲ ਬੈਠਕ ਹੋਈ ਸੀ ਅਤੇਅੱਗੋਂ ਕੇਂਦਰੀ ਮੰਤਰੀਆਂ ਅਤੇ ਕਿਸਾਨ ਸੰਗਠਨਾਂ ਵਿਚਾਲੇ ਬੈਠਕ ਦਿੱਲੀ ਵਿੱਚ ਸੱਦੀ ਗਈ ਹੈ।

NEED A LAWYER ??
Red Seal NOTARY
KAUR LAW OFFICE



MANJEET KAUR
L.L.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Services:
*Real Estate
*Residential, Commercial & Franchise
*Criminal Law
*Family Law
*Affidavit, Power Of Attorney & Notarization
*Immigration Matters
Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6



Emergency Contact:
416.910.5676
www.shergilllawfirm.ca

## ਅੱਜ ਨਾਮਾ

ਸੰਨੀ ਦਿਉਲ ਵੀ ਆਖਰ ਵਿੱਚ ਚੁੱਪ ਤੋੜੀ,
ਚਿੱਠੀ ਲਿਖੀ, ਅਮਰਿੰਦਰ ਨੂੰ ਪਾਈ ਮੀਆਂ।
ਗੱਡੀਆਂ ਰੇਲ ਉਹ ਆਖਦਾ ਬੰਦ ਹੋਈਆਂ,
ਬੜੀ ਮੁਸ਼ਕਲ ਦੇ ਵਿੱਚ ਸਪਲਾਈ ਮੀਆਂ।
ਰੇਲਵੇ ਲਾਈਨਾਂ ਨੂੰ ਛੇਤੀ ਕਰਵਾਉ ਖਾਲੀ,
ਤਾਂ ਹੀ ਚੱਲ ਸਕਦੀ ਆਵਾ-ਜਾਈ ਮੀਆਂ।
ਮਹੀਨੇ ਦੋ ਨਾ ਕਿਤੇ ਉਹ ਨਜ਼ਰ ਆਇਆ,
ਕਿਧਰੇ ਦਿੱਤੀ ਨਹੀਂ ਓਸ ਦਿਖਾਈ ਮੀਆਂ।
ਬੋਲਿਆ ਜਦੋਂ ਪੰਜਾਬ ਲਈ ਬੋਲਿਆ ਨਹੀਂ,
ਭਾਜਪਾ ਵਾਲੀ ਸਭ ਬਾਤ ਦੁਹਰਾਈ ਮੀਆਂ।
ਜਿਹੜੇ ਲੋਕਾਂ ਨੇ ਬਖਸ਼ੀ ਸੀ ਜਿੱਤ ਉਸ ਨੂੰ,
ਔਕੜ ਉਨ੍ਹਾਂ ਦੀ ਯਾਦ ਨਹੀਂ ਆਈ ਮੀਆਂ।

**ਤੀਸ ਮਾਰ ਖਾਂ**

# ਪਾਕਿ ਨੇ 26/11 ਹਮਲੇ ਵਿੱਚ ਲਸ਼ਕਰ ਦੇ 11 ਅੱਤਵਾਦੀ ਸ਼ਾਮਿਲ ਹੋਣਾ ਪਹਿਲੀ ਵਾਰ ਮੰਨਿਆ



ਕਰਾਚੀ, 11 ਨਵੰਬਰ, (ਪੋਸਟ ਬਿਊਰੋ)- ਪਾਕਿਸਤਾਨ ਦੀ ਫੈਡਰਲ ਜਾਂਚ ਏਜੰਸੀ (ਐੱਫ ਆਈ ਏ) ਨੇ ਅੱਜ ਬੁੱਧਵਾਰ ਮੰਨ ਲਿਆ ਹੈ ਕਿ ਭਾਰਤ ਦੇ ਮੁੰਬਈ ਵਿੱਚ 26 ਨੰਬਰ 2008 (ਜਿਸ ਨੂੰ 26/11 ਕਿਹਾ ਜਾਂਦਾ ਹੈ) ਵਾਲੇ ਹਮਲੇ ਵਿੱਚ ਪਾਕਿਸਤਾਨੀ ਅੱਤਵਾਦੀ ਸ਼ਾਮਲ ਸਨ। ਐਫਆਈ ਏ ਨੇ ਅਦਾਲਤ ਵਿੱਚ ਮੰਨਿਆ ਹੈ ਕਿ ਮੁੰਬਈ ਦੇ ਤਾਜ ਹੋਟਲ ਉੱਤੇ ਹੋਏ ਹਮਲੇ ਲਸ਼ਕਰ-ਏ-ਤੋਇਬਾ ਦੇ 11 ਅੱਤਵਾਦੀਆਂ ਨੇ ਕੀਤੇ ਹਨ।

ਅਸਲ ਵਿੱਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਭਾਰਤ ਦੇ ਨਿਰੰਤਰ ਦਬਾਅ ਕਾਰਨ 26/11 ਵਾਲੇ ਹਮਲੇ ਵਿਚ ਸ਼ਾਮਲ ਅੱਤਵਾਦੀਆਂ ਦੇ ਖਿਲਾਫ ਸਖਤ ਕਾਰਵਾਈ ਕਰਨ ਦਾ ਫ਼ੈਸਲਾ ਕਰਨਾ ਪਿਆ ਹੈ। ਇਸ ਫੈਸਲੇ ਤਹਿਤ ਪਾਕਿ-ਸਤਾਨ ਦੀ ਸਰਕਾਰ ਨੇ ਇਨ੍ਹਾਂ ਅੱਤਵਾਦੀਆਂ ਨੂੰ ਮੋਸਟ ਵਾਂਟੇਡ ਕਰਾਰ ਦੇ ਦਿੱਤਾ ਹੈ। ਪਾਕਿਸਤਾਨ ਦੀ ਫੈਡਰਲ ਜਾਂਚ ਏਜੰਸੀ (ਐੱਫ ਆਈਏ) ਨੇ ਮੋਸਟ ਵਾਂਟਿਡ ਦੀ ਨਵੀਂ ਸੂਚੀ ਬਣਾਈ ਹੈ ਤੇ ਇਸ ਵਿੱਚ ਮੁੰਬਈ ਹਮਲੇ ਵਿੱਚ ਸ਼ਾਮਲ 11 ਅੱਤਵਾਦੀਆਂ ਦੇ ਨਾਮ ਵੀ ਸ਼ਾਮਲ ਕੀਤੇ ਗਏ ਹਨ। ਇਸ ਹਮਲੇ ਲਈ ਕਿਸ਼ਤੀ ਖਰੀਦਣ ਵਾਲਾ ਅੱਤਵਾਦੀ ਮੁਲਤਾਨ ਦਾ ਮੁਹੰਮਦ ਅਮਜਦ ਖਾਨ ਹਾਲੇ ਵੀ ਪਾਕਿਸਤਾਨ ਵਿਚ ਹੈ। ਪਾਕਿਸਤਾਨ ਨੇ ਇਸ ਤੱਥ ਨੂੰ ਮੰਨਿਆਅਤੇ ਇਸ ਸੂਚੀ ਵਿਚ 26/11 ਵਾਲੇ ਹਮਲੇ ਬਾਰੇ ਜਾਣਕਾਰੀ ਸ਼ਾਮਲ ਕੀਤੀ ਗਈ ਹੈ ਕਿ ਕਿਸ਼ਤੀ ਵਿਚ 9 ਅੱਤਵਾਦੀ ਸਨ, ਜਿਨ੍ਹਾਂ ਨੇ ਤਾਜ ਵਿਚ ਅੱਤਵਾਦੀ ਹਮਲਾ ਕੀਤਾ ਸੀ, ਜਿਸ ਵਿੱਚ 166 ਲੋਕ ਮਾਰੇ ਗਏ ਸਨ।

# ਲਸ਼ਕਰ ਦੇ ਸੋਸ਼ਲ ਮੀਡੀਆ ਗਰੁੱਪਾਂ ਦੇ ਮੈਂਬਰਾਂ ਵਿਰੁੱਧ ਐੱਨ ਆਈ ਵੱਲੋਂ ਕਾਰਵਾਈ




ਨਵੀਂ ਦਿਲੀ, 11 ਨਵੰਬਰ, (ਪੋਸਟ ਬਿਊਰੋ)- ਭਾਰਤ ਵਿੱਚ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਲਸ਼ਕਰ-ਏ-ਤੋਇਬਾ ਦੇ ਪਾਕਿਸਤਾਨ ਵਿਚਲੇ ਮਾਲਕਾਂ ਵਲੋਂ ਚਲਾਏ ਜਾਂਦੇ ਵੱਖ-ਵੱਖ ਸੋਸ਼ਲ ਮੀਡੀਆ ਗਰੁੱਪਾਂ ਦੇ ਇਕ ਮੈਂਬਰ ਨੂੰ ਭਾਰਤ ਦੀ ਕੌਮੀ ਜਾਂਚ ਏਜੰਸੀ (ਐੱਨ ਆਈ ਏ) ਨੇ ਗ੍ਰਿਫ਼ਤਾਰ ਕੀਤਾ ਹੈ ਅਤੇ ਅਗਲੀ ਜਾਂਚ ਚੱਲ ਰਹੀ ਹੈ।

ਇਸ ਬਾਰੇ ਅੱਜ ਬੁੱਧਵਾਰ ਨੂੰ ਐੱਨ ਆਈ ਏ ਦੇ ਬੁਲਾਰੇ ਨੇ ਦੱਸਿਆ ਹੈ ਕਿ ਕਰਨਾਟਕ ਵਿੱਚ ਉੱਤਰ ਕੰਨੜ ਦੇ ਵਾਸੀ ਸਈਅਦ ਐੱਮ. ਇਦਰੀਸ (28) ਨੂੰ ਕੱਲ੍ਹ ਮੰਗਲਵਾਰ ਗ੍ਰਿਫ਼ਤਾਰ ਕੀਤਾ ਗਿਆ ਹੈ। ਐੱਨ ਆਈ ਏਮੁਤਾ-ਬਕ ਇਸ ਬਾਰੇ 18 ਮਾਰਚ ਨੂੰ ਪੱਛਮੀ ਬੰਗਾਲ ਵਿੱਚ ਦਰਜ ਹੋਈਇੱਕ ਸ਼ਿਕਾਇਤ ਵਿੱਚ ਕਿਹਾ ਗਿਆ ਕਿ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਲਸ਼ਕਰ-ਏ-ਤੋਇਬਾ (ਐੱਲ ਈ ਟੀ) ਦੇ ਪਾਕਿਸਤਾਨ ਵਿਚਲੇ ਆਕਾ ਭਾਰਤ ਵਿੱਚ ਗੈਰ-ਕਾਨੂੰਨੀ ਗਤੀਵਿਧੀਆਂ ਕਰਾਉਣਤੇ ਉਨ੍ਹਾਂ ਨੂੰ ਉਤਸ਼ਾਹ ਦੇਣ ਲਈ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ ਨੌਜਵਾਨਾਂ ਨੂੰ ਆਪਣੇ ਸਲੀਪਰ ਸੈੱਲ ਵਿੱਚ ਭਰਤੀ ਕਰ ਰਹੇ ਹਨ। ਏਜੰਸੀ ਦੇ ਬੁਲਾਰੇ ਮੁਤਾਬਕ ‘ਇਦਰੀਸ ਲਸ਼ਕਰ ਦੇ ਸਲੀਪਰ ਸੈੱਲ ਲਈ ਨੌਜਵਾਨਾਂ ਦੀ ਭਰਤੀ ਤੇ ਅੱਤਵਾਦੀ ਗਤੀਵਿਧੀਆਂ ਨੂੰ ਉਤਸ਼ਾਹ ਦੇਣ ਲਈ ਪਾਕਿਸਤਾਨ ਵਿੱਚ ਬੈਠੇਐੱਲ ਈ ਟੀ ਦੇ ਮਾਲਕਾਂ ਵਲੋਂ ਚਲਾਏ ਜਾਂਦੇ ਵੱਖ-ਵੱਖ ਸੋਸ਼ਲ ਮੀਡੀਆ ਗਰੁੱਪਾਂ ਦਾ ਮੈਂਬਰ ਸੀ। ਇਸਕੇਸ ਵਿੱਚ ਕੋਲਕਾਤਾ ਦੇ ਵਾਸੀ ਤਾਨੀਆ ਪਰਵੀਨ ਵਿਰੁੱਧ 10 ਸਤੰਬਰ ਨੂੰ ਦੋਸ਼ ਪੱਤਰ ਦਾਇਰ ਕੀਤਾ ਜਾ ਚੁੱਕਾ ਹੈ ਅਤੇ ਇਸ ਦੀ ਜਾਂਚ ਜਾਰੀ ਹੈ।

# ਭਾਰਤੀ ਏਅਰ ਲਾਈਨਾਂ ਨੂੰ 70 ਫੀਸਦੀ ਮੁਸਾਫਰਾਂ ਦੇ ਨਾਲ ਦੇਸੀ ਉਡਾਨਾਂ ਚਲਾਉਣ ਦੀ ਛੋਟ ਮਿਲੀ



ਨਵੀਂ ਦਿੱਲੀ, 11 ਨਵੰਬਰ, (ਪੋਸਟ ਬਿਊਰੋ)- ਭਾਰਤ ਦੇ ਘਰੇਲੂ ਹਵਾਈ ਯਾਤਰੀਆਂ ਦੀ ਲਗਾਤਾਰ ਵਧ ਰਹੀ ਗਿਣਤੀ ਕਾਰਨ ਕੇਂਦਰ ਸਰਕਾਰ ਨੇ ਅੱਗੇ ਤੋਂ ਭਾਰਤੀ ਏਅਰਲਾਈਨਾਂਨੂੰ ਵਧੇਰੇ ਉਡਾਣਾਂ ਨੂੰ ਖੁੱਲ੍ਹ ਦੇ ਦਿੱਤੀ ਹੈ।

ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਭਾਰਤ ਦੀਆ ਘਰੇਲੂ ਹਵਾਈ ਕੰਪਨੀਆਂ ਨੂੰ ਕੋਰੋਨਾ ਵਾਇਰਸ ਦਾ ਸੰਕਟ ਸ਼ੁਰੂ ਹੋਣ ਤੋਂ ਬਾਅਦ ਪਹਿਲੀ ਵਾਰ 70 ਫੀਸਦੀ ਮੁਸਾਫਰਾਂ ਨਾਲ ਉਡਾਣ ਲਈ ਛੋਟ ਦਾ ਐਲਾਨ ਕੀਤਾ ਹੈ। ਇਸ ਵੇਲੇ ਘਰੇਲੂ ਏਅਰਲਾਈਨਾਂ ਨੂੰ 60 ਫੀਸਦੀਮੁਸਾਫਰਾਂਨਾਲ ਉਡਾਣ ਦੀ ਛੋਟ ਹੈ।ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਦੱਸਿਆ ਹੈ ਕਿ 25 ਮਈ ਨੂੰ 30,000 ਯਾਤਰੀਆਂ ਨਾਲ ਘਰੇਲੂ ਉਡਾਣਾਂ ਸ਼ੁਰੂ ਕੀਤੀਆਂ ਸਨ ਅਤੇ 8 ਨਵੰਬਰ ਨੂੰ ਘਰੇਲੂ ਹਵਾਈ ਯਾਤਰੀਆਂ ਦੀ ਗਿਣਤੀ 2.06 ਲੱਖ ਤੱਕ ਚਲੀ ਗਈ ਹੈ। ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਪਿਛਲੇ ਹਫਤੇ ਕਿਹਾ ਸੀ ਕਿ ਘਰੇਲੂ ਏਅਰਲਾਈਨਾਂ 24 ਫਰਵਰੀ 2021 ਤੱਕ ਕੋਰੋਨਾ ਸੰਕਟ ਸ਼ੁਰੂ ਹੋਣ ਤੋਂ ਪਹਿਲਾਂ ਵਾਲੀ ਸਮਰੱਥਾ ਦੇ 60 ਫੀਸਦੀ ਤੱਕ ਉਡਾਣ ਚਲਾ ਸਕਦੀਆਂ ਹਨ। ਫਿਰ ਸਰਕਾਰ ਨੇ ਲਗਾਤਾਰ ਵਧਦੀ ਮੰਗ ਕਾਰਨ ਇਸ ਹੱਦ ਨੂੰ ਵਧਾ ਕੇ 70 ਫੀਸਦੀ ਕਰ ਦਿੱਤਾ ਹੈ। ਸਰਕਾਰ ਨੇ ਤਾਲਾਬੰਦੀ ਵਿਚ ਛੋਟਾਂ ਦੇ ਦੋ ਮਹੀਨੇ ਬਾਅਦ 25 ਮਈ ਤੋਂ ਘਰੇਲੂ ਉਡਾਣ ਸੇਵਾ ਸ਼ੁਰੂ ਕਰਨ ਨੂੰ ਮਨਜ਼ੂਰੀ ਦਿੱਤੀ ਸੀ, ਏਅਰਲਾਈਨਾਂ ਨੂੰ ਵੱਧ ਤੋਂ ਵੱਧ 33 ਫੀਸਦੀਮੁਸਾਫਰਾਂ ਨਾਲ ਉਡਾਣਾਂ ਦੀ ਖੁੱਲ੍ਹ ਸੀ। ਇਸ ਤੋਂ ਬਾਅਦ ਮੰਗ ਦਾ ਵਾਧਾ ਹੋਣ ਉੱਤੇ ਸਰਕਾਰ ਨੇ 26 ਜੂਨ ਨੂੰ ਇਹ ਹੱਦ 45 ਫੀਸਦੀਤੇ 2 ਸਤੰਬਰ ਨੂੰ 60 ਫੀਸਦੀ ਕਰ ਦਿੱਤੀ ਸੀ, ਪਰ 2 ਸਤੰਬਰ ਨੂੰ ਕੀਤੇ ਐਲਾਨ ਵਿੱਚ ਸਰਕਾਰ ਨੇ ਇਹ ਨਹੀਂਸੀ ਦੱਸਿਆ ਕਿ ਇਹ ਹੱਦ ਕਦੋਂ ਤੱਕ ਲਾਗੂ ਰਹੇਗੀ। ਇਸ ਤੋਂ ਬਾਅਦ ਪਿਛਲੇ ਹਫ਼ਤੇ ਸਰਕਾਰ ਨੇ ਕਿਹਾ ਸੀ ਕਿ ਇਹ ਹੱਦ 24 ਫਰਵਰੀ 2021 ਤੱਕ ਲਾਗੂ ਰਹੇਗੀ। ਕੇਂਦਰ ਸਰਕਾਰ ਵੱਲੋਂ 70 ਫੀਸਦੀਮੁਸਾਫਰਾਂ ਵਾਲੀਆਂ ਉਡਾਣਾਂ ਚਲਾਉਣ ਦੀ ਆਗਿਆ ਮਿਲਣ ਪਿੱਛੋਂਹਵਾਈ ਕੰਪਨੀਆਂ ਨੂੰ ਆਸ ਹੈ ਕਿ ਛੇਤੀ ਹੀ ਸਰਕਾਰ ਇਸ ਛੋਟ ਨੂੰ ਹੋਰ ਵਧਾ ਦੇਵੇਗੀ ਅਤੇ ਕੋਰੋਨਾ ਸੰਕਟ ਤੋਂ ਪਹਿਲਾਂ ਵਾਂਗ ਘਰੇਲੂ ਉਡਾਣ ਸੇਵਾ ਆਮ ਵਾਲੀ ਹਾਲਤ ਵਿੱਚ ਵਾਪਸ ਆ ਜਾਵੇਗੀ।

# ਫ਼ਾਰੂਕ ਅਬਦੁੱਲਾ ਨੇ ਕਿਹਾ: ਅਸੀਂ ਦੇਸ਼ ਦੇ ਨਹੀਂ, ਭਾਜਪਾ ਦੇ ਦੁਸ਼ਮਣ ਹਾਂ



ਜੰਮੂ-ਕਸ਼ਮੀਰ, 11 ਨਵੰਬਰ (ਪੋਸਟ ਬਿਊਰੋ)- ਨੈਸ਼ਨਲ ਕਾਨਫਰੰਸ ਦੇ ਮੁਖੀ ਅਤੇ ਪੀਪਲਜ਼ ਅਲਾਇੰਸ ਫ਼ਾਰ ਗੁਪਕਾਰ ਡਿਕਲਰੇਸ਼ਨ (ਪੀ ਏ ਜੀ ਡੀ) ਦੇ ਪ੍ਰਧਾਨ ਫ਼ਾਰੂਕ ਅਬਦੁੱਲਾ ਨੇ ਇੱਕ ਵਾਰ ਫਿਰ ਭਾਜਪਾ ’ਤੇ ਸ਼ਬਦੀ ਹਮਲਾ ਕੀਤਾ। ਉਨ੍ਹਾਂ ਕਿਹਾ ਕਿ ਅਸੀਂ ਦੇਸ਼ ਦੇ ਨਹੀਂ, ਭਾਜਪਾ ਦੇ ਦੁਸ਼ਮਣ ਹਾਂ। ਉਹ ਲੋਕਾਂ ਨੂੰ ਹਿੰਦੂ-ਮੁਸਲਿਮ, ਸਿੱਖ-ਈਸਾਈ ਵਿੱਚ ਵੰਡਣਾ ਚਾਹੁੰਦੇ ਹਨ। ਸਾਨੂੰ ਮਹਾਤਮਾ ਗਾਂਧੀ ਦੇ ਭਾਰਤ ਵਿੱਚ ਵਿਸ਼ਵਾਸ ਹੈ ਜਿੱਥੇ ਸਾਰੇ ਬਰਾਬਰ ਹਨ। ਫ਼ਾਰੂਕ ਅਬਦੁੱਲਾ ਨੇ ਦੱਸਿਆ ਕਿ ਅਸੀਂ ਮਿਲ ਕੇ ਇੱਕ ਨਿਸ਼ਾਨ ਉਤੇ ਚੋਣ ਲੜਨਾ ਚਾਹੁੰਦੇ ਹਾਂ, ਪਰ ਸਾਨੂੰ ਇੱਕ ਨਿਸ਼ਾਨਨਹੀਂ ਮਿਲ ਰਿਹਾ, ਇਸ ਲਈ, ਅਸੀਂ ਸਾਰੇ ਆਪੋ-ਆਪਣੇ ਨਿਸ਼ਾਨ ਉਤੇ ਚੋਣ ਲੜਾਂਗੇ। ਉਨ੍ਹਾਂ ਕਿਹਾ ਸਾਡਾ ਕੋਈ ਗਿਰੋਹ ਨਹੀਂ,ਅਸੀਂ ਗੱਠਜੋੜ ਬਣਾਇਆ ਹੈ। ਜੋ ਸਾਨੂੰ ਗੈਂਗ ਕਹਿੰਦੇ ਹਨ ਉਹ ਸਭ ਤੋਂ ਵੱਡੇ ਡਾਕੂ ਹਨ। ਇਹੀ ਕਾਰਨ ਹੈ ਕਿ ਹਰ ਕੋਈ ਉਨ੍ਹਾਂ ਨੂੰ ਗਿਰੋਹ ਵਿੱਚ ਹੀ ਦਿਸਦਾ ਹੈ।ਇਸ ਤੋਂ ਪਹਿਲਾਂ ਦੁਪਹਿਰ ਨੂੰ ਫ਼ਾਰੂਕ ਅਬਦੁੱਲਾ ਅਤੇ ਕਾਂਗਰਸ ਦੇ ਸੂਬਾ ਪ੍ਰਧਾਨ ਜੀ ਏ ਮੀਰਨ ਦੀ ਮੁਲਾਕਾਤ ਹੋਈ। ਇਸ ਤੋਂ ਬਾਅਦ ਅਬਦੁੱਲਾ ਨੇ ਕਿਹਾ ਕਿ ਕਾਂਗਰਸ ਅਜੇ ਵੀ ਗੁਪਕਾਰ ਗੱਠਜੋੜ ਦਾ ਹਿੱਸਾ ਹੈ। ਅਸੀਂਜ਼ਿਲ੍ਹਾ ਵਿਕਾਸ ਪ੍ਰੀਸ਼ਦ (ਡੀ ਡੀ ਸੀ) ਦੀਆਂ ਚੋਣਾਂ ਵੀ ਲੜਾਂਗੇ। ਫ਼ਾਰੂਕ ਅਬਦੁੱਲਾ ਦਾ ਇਹ ਬਿਆਨ ਆਇਆ ਹੈ ਜਿਸ ਵਿੱਚ ਪਾਰਟੀ ਨੇ ਡੀ ਡੀ ਸੀ ਚੋਣਾਂ ਲਈ ਵੱਖਰੇ ਤੌਰ ’ਤੇ ਉਮੀਦਵਾਰ ਖੜੇ ਕਰਨ ਦਾ ਐਲਾਨ ਕੀਤਾ ਹੈ।ਫ਼ਾਰੂਕ ਅਬਦੁੱਲਾ ਨੇ ਕਿਹਾ ਕਿ ਜੰਮੂ-ਕਸ਼ਮੀਰ ਕਾਂਗਰਸ ਦੇ ਪ੍ਰਧਾਨ ਜੀ ਏ ਮੀਰ ਉਨ੍ਹਾਂ ਨੂੰ ਮਿਲਣ ਲਈ ਆਏ ਸਨ ਅਤੇ ਕਿਹਾ ਕਿ ਅਸੀਂ ਇਕੱਠੇ ਚੋਣ ਲੜ ਰਹੇ ਹਾਂ।

# ਖੇਤ ਦੀ ਵੱਟ ਦੇ ਝਗੜੇ ਤੋਂ ਗੋਲੀ ਚੱਲੀ, ਇੱਕ ਦੀ ਮੌਤ

ਧਨੌਲਾ, 10 ਨਵੰਬਰ (ਪੋਸਟ ਬਿਊਰੋ)- ਏਥੋਂ ਪੰਜ ਕਿਲੋਮੀਟਰ ਦੂਰ ਪਿੰਡ ਕਾਲੇਕੇ ਵਿਖੇ ਦੋ ਧਿਰਾਂ ਵਿਚਾਲੇ ਖੇਤ ਦੀ ਵੱਟ ਦੀ ਲੜਾਈ ਦੌਰਾਨ ਚੱਲੀ ਗੋਲੀ ਵਿੱਚ ਇੱਕ ਵਿਅਕਤੀ ਦੀ ਮੌਤ ਹੋਈ ਅਤੇ ਦੋ ਗੰਭੀਰ ਜ਼ਖ਼ਮੀ ਹੋ ਗਏ।

ਜਸਮਨਦੀਪ ਸਿੰਘ ਨੇ ਦਸਿਆ ਕਿ ਸਾਡਾ ਜ਼ਮੀਨ ਦਾ ਪ੍ਰਦੀਪ ਸਿੰਘ, ਮਨੀਆ ਸਿੰਘ, ਭਰਪੂਰ ਸਿੰਘ ਅਤੇ ਗਿੰਦਰ ਸਿੰਘ ਨਾਲ ਝਗੜਾ ਚਲਦਾ ਸੀ।ਕੱਲ੍ਹ ਉਨ੍ਹਾਂ ਨੇ ਸਾਡੇ ਖੇਤ ਵਿੱਚ ਵੱਟ ਪਾ ਦਿੱਤੀ। ਜਦੋਂ ਸਾਨੂੰ ਇਸ ਬਾਰੇ ਪਤਾ ਚਲਿਆ ਤਾਂ ਅਸੀਂ ਸਵੇਰ ਹੁੰਦਿਆਂ ਆਪਣੇ ਖੇਤ ਵਿੱਚ ਪਹੁੰਚ ਗਏ ਅਤੇ ਪ੍ਰਦੀਪ ਸਿੰਘ, ਗਿੰਦਰ ਸਿੰਘ, ਭਰਪੂਰ ਸਿੰਘ ਅਤੇ ਮਨੀਆ ਸਿੰਘ ਵੀ ਓਥੇ ਪਹੁੰਚ ਗਏ, ਜਿਨ੍ਹਾਂ ਕੋਲ ਰਾਈਫ਼ਲ ਸੀ ਅਤੇ ਜਿਨ੍ਹਾਂ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ।ਗੋਲੀ ਲੱਗਣ ਨਾਲ ਕੁਲਵਿੰਦਰ ਸਿੰਘ ਦੀ ਮੌਤ ਹੋ ਗਈ,ਜਦੋਂ ਕਿ ਜਸਮੇਲ ਸਿੰਘ ਤੇ ਗੁਰਕੀਰਤ ਸਿੰਘ ਜ਼ਖ਼ਮੀ ਹੋ ਗਏ,ਜਿਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ। ਇਸ ਬਾਰੇ ਐਸ ਪੀ ਡੀ ਸੁਖਦੇਵ ਸਿੰਘ ਵਿਰਕ ਨੇ ਦੱਸਿਆ ਕਿ ਹਾਲੇ ਤੱਕ ਦੀ ਸੂਚਨਾ ਅਨੁਸਾਰ ਕਰੀਬ 16 ਸਾਲ ਪਹਿਲਾਂ ਦੋਵਾਂ ਧਿਰਾਂ ਦਾ ਜ਼ਮੀਨ ਦਾ ਤਬਾਦਲਾ ਹੋਇਆ ਸੀ, ਕੱਲ੍ਹ ਜ਼ਮੀਨ ਦੀ ਵੱਟ ਨੂੰ ਲੈ ਕੇ ਝਗੜਾ ਹੋ ਗਿਆ। ਗੋਲੀ ਲੱਗਣ ਨਾਲ ਕੁਲਵਿੰਦਰ ਸਿੰਘ ਦੀ ਮੌਤ ਹੋ ਗਈ ਅਤੇ ਦੋ ਹੋਰ ਵਿਅਕਤੀ ਜ਼ਖ਼ਮੀ ਹੋ ਗਏ। ਪੁਲਸ ਵੱਲੋਂ ਦੋਸ਼ੀਆਂ ਦੀ ਭਾਲ ਜਾਰੀ ਹੈ, ਮਾਮਲਾ ਦਰਜ ਕਰ ਕੇ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਕਾਂਗਰਸੀ ਨੇਤਾ ਸਰਵਾਲ ਨੇ ਕਿਹਾ : ਬਾਈਡੇਨ ਦੀ ਮੱਦਦ ਨਾਲ ਜੰਮੂ-ਕਸ਼ਮੀਰ ਵਿੱਚ ਧਾਰਾ 370 ਲਾਗੂ ਕਰਾਵਾਂਗੇ

ਜੰਮੂ, 11 ਨਵੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਵਿੱਚ ਕਾਂਗਰਸ ਨੇਤਾ ਜਹਾਂਜੇਬ ਸਰਵਾਲ ਨੇ ਵਿਵਾਦਿਤ ਬਿਆਨ ਦਿੱਤਾ ਅਤੇ ਕਿਹਾ ਹੈ ਕਿ ਉਹ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਜੋਅ ਬਾਈਡੇਨ ਦੀ ਮਦਦ ਨਾਲ ਜੰਮੂ-ਕਸ਼ਮੀਰ ਵਿੱਚ ਧਾਰਾ-370 ਨੂੰ ਮੁੜ ਲਾਗੂ ਕਰਾਉਣਗੇ। ਸਰਵਾਲ ਨੇ ਇਹ ਬਿਆਨ ਉਸ ਸਮੇਂ ਦਿੱਤਾ, ਜਦੋਂ ਉਹ ਜੋਅ ਬਾਈਡੇਨ ਅਤੇ ਕਮਲਾ ਹੈਰਿਸ ਨੂੰ ਜਿੱਤ ਦੀ ਮੁਬਾਰਕਬਾਦ ਦੇ ਰਹੇ ਸਨ। ਕਾਂਗਰਸ ਦੇ ਨੌਜਵਾਨ ਨੇਤਾ ਜਹਾਂਜੇਬ ਸਰਵਾਲ ਨੇ ਕਿਹਾ ਕਿ ਮੈਂ ਜੋਅ ਬਾਈਡੇਨ ਅਤੇ ਕਮਲਾ ਹੈਰਿਸ ਨੂੰ ਜਿੱਤ ਦੀ ਮੁਬਾਰਕਬਾਦ ਦਿੰਦਾ ਹਾਂ। ਇਹ ਕੋਈ ਨਿੱਜੀ ਜਿੱਤ ਨਹੀਂ, ਇਹ ਇੱਕ ਵਿਚਾਰਧਾਰਾ ਦੀ ਜਿੱਤ ਹੈ। ਇਹ ਇੱਕ ਲੋਕਤੰਤਰ ਦੀ ਜਿੱਤ ਹੈ।ਜੋਅ ਬਾਈਡੇਨ ਦੇ ਪੁਰਾਣੇ ਬਿਆਨਾਂ ਤੋਂ ਲਗਦਾ ਹੈ ਕਿ ਉਹ ਭਾਰਤ ਸਰਕਾਰ ’ਤੇ ਦਬਾਅ ਬਣਾਉਣਗੇ ਅਤੇ ਸਰਕਾਰ ਧਾਰਾ-370 ਅਤੇ 35-ਏ ਨੂੰ ਵਾਪਸ ਲਾਗੂ ਕਰੇਗੀ। ਵਰਨਣ ਯੋਗ ਹੈ ਕਿ ਕੇਂਦਰ ਸਰਕਾਰ ਨੇ ਪਿਛਲੇ ਸਾਲ ਜੰਮੂ-ਕਸ਼ਮੀਰ ਤੋਂ ਗੈਰ ਲੋਕਤੰਤਰਿਕ ਤਰੀਕੇ ਨਾਲ ਆਰਟੀਕਲ-370 ਨੂੰ ਹਟਾਇਆ ਸੀ।


Paramjit Deol
Broker

CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

“Your neighborhood broker, Call Paramjit Deol Today”

**Mississauga $749,000**
7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**
3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**
Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**
39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**
Photo Not Available
7885 Tranmere Dr:Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Misissisauga $749,000**
7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
23 Wilmot St: Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

**Brampton $749,000**
Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**
Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**
124 Cornwall Rd: Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**
Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**
King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**
Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019


## ਭੈਣ ਨੇ ਪਤੀ ਨਾਲ ਮਿਲ ਕੇ ਜੀਜੇ ਦੇ ਬੀਮੇ ਦੀ ਰਕਮ ਹੜੱਪ ਲਈ

ਮਕਸੂਦਾਂ, 11 ਨਵੰਬਰ (ਪੋਸਟ ਬਿਊਰੋ)- ਇਸ ਮਹਾਨਗਰ ਦੇ ਥਾਣਾ ਨੰਬਰ 1 ਦੀ ਪੁਲਸ ਨੇ ਇੱਕ ਔਰਤ ਅਤੇ ਉਸ ਦੇ ਪਤੀ ਨੂੰ ਆਪਣੀ ਸਕੀ ਭੈਣ ਨਾਲ ਲੱਖਾਂ ਰੁਪਏ ਦੀ ਧੋਖਾਧੜੀ ਕਰਨ ਦੇ ਦੋਸ਼ ’ਚ ਗ੍ਰਿਫ਼ਤਾਰ ਕੀਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਸੀਤਾ ਰਾਣੀ ਪਤਨੀ ਅਸ਼ੋਕ ਕੁਮਾਰ ਵਾਸੀ ਪ੍ਰਤਾਪਪੁਰਾ ਲੋਹਾਰਾਂ ਨੇ ਪੁਲਸ ਨੂੰ ਇੱਕ ਸ਼ਿਕਾਇਤ ਦਿੱਤੀ ਸੀ ਕਿ 10 ਜੂਨ 2015 ਨੂੰ ਉਸ ਦੇ ਪਤੀ ਦੀ ਸੜਕ ਹਾਦਸੇ ’ਚ ਮੌਤ ਹੋ ਗਈ ਸੀ। ਉਸ ਦੇ ਮ੍ਰਿਤਕ ਪਤੀ ਦੇ ਬੀਮੇ ਦੇ ਪੈਸੇ ਲਈ ਕੋਰਟ ’ਚ ਕੇਸ ਦੀ ਪੈਰਵੀ ਉਸ ਦਾ ਜੀਜਾ ਮਨਜੀਤ ਸਿੰਘ ਅਤੇ ਉਸ ਦੀ ਭੈਣ ਗੀਤਾ ਰਾਣੀ ਵਾਸੀ ਬਸਤੀ ਸ਼ੇਖ ਕਰਦੇ ਸਨ। ਫ਼ੈਸਲਾ ਆਉਣ ਉੱਤੇ ਉਸ ਦਾ ਇੱਕ ਖਾਤਾ ਖੁਲ੍ਹਵਾਇਆ ਗਿਆ ਜਿਸ ਵਿੱਚ ਬੀਮੇ ਦੀ ਰਕਮ ਆਈ, ਪਰ ਉਸ ਦੇ ਜੀਜੇ ਮਨਜੀਤ ਸਿੰਘ ਨੇ ਚੈਕ ਬੁੱਕ ਆਪਣੇ ਕੋਲ ਇਹ ਕਹਿ ਕੇ ਰੱਖ ਲਈ ਸੀ ਪੈਸੇ ਦੇ ਲੈਣ-ਦੇਣ ਲਈ ਉਸ ਨੂੰ ਚੈਕ ਬੁੱਕ ਦੀ ਲੋੜ ਪਵੇਗੀ। ਜਦ ਕੁਝ ਦਿਨਾਂ ਬਾਅਦ ਉਹ ਬੈਂਕ ਗਈ ਤਾਂ ਉਸ ਨੂੰ ਪਤਾ ਲੱਗਾ ਕਿ 6 ਫਰਵਰੀ 2019 ਨੂੰ ਉਸ ਦੇ ਜਾਅਲੀ ਦਸਖਤਾਂ ਨਾਲ ਉਸ ਦੀ ਭੈਣ ਅਤੇ ਜੀਜੇ ਨੇ ਇਸ ਖਾਤੇ ਵਿੱਚੋਂ 3,83,000 ਰੁਪਏ ਕਢਵਾ ਲਏ ਸਨ।ਜਦ ਉਸ ਨੇ ਇਸ ਬਾਰੇ ਆਪਣੀ ਭੈਣ ਅਤੇ ਜੀਜੇ ਨੂੰ ਪੁੱਛਿਆ ਤਾਂ ਉਹ ਉਸ ਨੂੰ ਹੀ ਧਮਕਾਉਣ ਲੱਗ ਗਏ। ਪੁਲਸ ਨੇ ਪੀੜਤ ਦੀ ਸ਼ਿਕਾਇਤ ਦੇ ਆਧਾਰ ਉਤੇ 406, 420, 465, 467, 471, 120ਬੀ ਦੇ ਤਹਿਤ ਮਾਮਲਾ ਦਰਜ ਕੀਤਾ। ਕਾਫ਼ੀ ਸਮੇਂ ਤੋਂ ਦੋਸ਼ੀ ਆਪਣੇ ਘਰੋਂ ਫ਼ਰਾਰ ਸਨ ਪਰ ਕੱਲ੍ਹ ਪੁਲਸ ਨੇ ਦੋਸ਼ੀਆਂ ਨੂੰ ਕਾਬੂ ਕਰ ਲਿਆ।

# ਦੀਵਾਲੀ ਮੌਕੇ ਚੀਨੀ ਲਾਈਟਾਂ ’ਤੇ ਪਾਬੰਦੀ ਲਾਗੂ

ਨਵੀਂ ਦਿੱਲੀ, 11 ਨਵੰਬਰ (ਪੋਸਟ ਬਿਊਰੋ)- ਦੀਵਾਲੀ ’ਚ ਸਿਰਫ਼ ਇੱਕ ਹਫ਼ਤੇ ਦਾ ਸਮਾਂ ਬਾਕੀ ਹੈ। ਇਸ ਸਾਲ ਭਾਰਤ ਦੀ ਦੀਵਾਲੀ ਖਾਸ ਹੋਣ ਵਾਲੀ ਹੈ, ਕਿਉਂਕਿ ਇਸ ਵਾਰ ਦੇਸ਼ ’ਚ ਚੀਨੀ ਲਾਈਟਾਂ ਨਹੀਂ, ਭਾਰਤ ਦੇ ਬਣੇ ਮਿੱਟੀ ਦੇ ਦੀਵੇ ਹੀ ਜਗਮਗਾਉਣਗੇ। ਭਾਰਤ ’ਚ ਇਸ ਵਾਰ ਬਾਜ਼ਾਰਾਂ ’ਚ ਚੀਨੀ ਲਾਈਟਾਂ, ਲੜੀਆਂ ਤੇ ਦੀਵੇ ਗਾਇਬ ਹਨ। ਇਹੀ ਨਹੀਂ ਭਾਰਤੀ ਪ੍ਰੰਪਰਾਗਤ ਮਿੱਟੀ ਦੇ ਦੀਵਿਆਂ ਦੀ ਮੰਗ ਵਧ ਗਈ ਹੈ।

ਦੀਵਾਲੀ ’ਤੇ ਇਸ ਵਾਰ ਭਾਰਤ ਦੀ ਦੀਵਾਲੀ ਸਵਦੇਸ਼ੀ ਦੀਵਿਆਂ ਨਾਲ ਜਗਮਗਾ ਉਠੇਗੀ। ਗਲਵਾਨ ਘਾਟੀ ’ਚ ਚੀਨੀ ਫੌਜ ਨਾਲ ਹੋਏ ਵਿਵਾਦ ਦੇ ਕਾਰਨਇਸ ਸਾਲ ਚੀਨੀ ਇੰਪੋਰਟ ’ਤੇ ਪਾਬੰਦੀ ਲਾਈ ਗਈ ਹੈ। ਇਸ ਦੇ ਨਾਲ ਕਈ ਵਪਾਰਕ ਸੰਗਠਨਾਂ ਨੇ ਚੀਨੀ ਸਾਮਾਨ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ, ਜਿਸ ’ਚ ਚੀਨੀ ਲਾਈਟਾਂ ਤੇ ਦੀਵੇ ਅਹਿਮ ਹਨ। ਇਹੀ ਵਜ੍ਹਾ ਹੈ ਕਿ ਇਸ ਵਾਰ ਬਾਜ਼ਾਰਾਂ ’ਚੋਂ ਚੀਨੀ ਸਾਮਾਨ ਗਾਇਬ ਹੈ। ਪਿਛਲੇ ਸਾਲ ਦਾ ਕੁਝ ਭੰਡਾਰ ਵਪਾਰੀਆਂ ਕੋਲ ਮੌਜੂਦ ਹੈ ਪਰ ਇਸ ਨੂੰ ਵੇਚਣਾ ਉਨ੍ਹਾਂ ਲਈ ਮੁਸ਼ਕਿਲ ਹੋ ਰਿਹਾ ਹੈ। ਇਸ ਸਾਲ ਲੋਕ ਭਾਰਤੀ ਲਾਈਟਾਂ ਦੀ ਮੰਗ ਕਰ ਰਹੇ ਹਨ। ਦੇਸ਼ ’ਚ ਭਰ ਵਿੱਚ ‘ਕੈਟ’ ਸੰਗਠਨ ਦੇ ਵਪਾਰੀ ਇਸ ਸਾਲ ਚੀਨੀ ਮਾਲ ਦਾ ਦੀਵਾਲੀ ਲਈ ਕੋਈ ਇੰਪੋਰਟਨਹੀਂ ਕਰਨਗੇ। ਇਸ ਨਾਲ ਚੀਨ ਨੂੰ ਕਰੀਬ 40,000 ਕਰੋੜ ਦਾ ਨੁਕਸਾਨ ਹੋਵੇਗਾ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# ਟੀ.ਪੀ.ਏ.ਆਰ.ਕਲੱਬ ਨੇ 'ਰੀਮੈਂਬਰੈਂਸ ਡੇਅ ਯਾਦਗਾਰੀ ਦੌੜ' ਕੈਲਾਡਨ ਟਰੇਲ ਵਿਖੇ ਆਯੋਜਿਤ ਕੀਤੀ

## ਸਕੋਸ਼ੀਆਬੈਂਕ ਵਾਟਰਫ਼ਰੰਟ ਵਰਚੁਅਲ ਮੈਰਾਥਨ ਵਿਚ ਭਾਗ ਲੈਣ ਵਾਲਿਆਂ ਨੂੰ ਮੈਡਲ ਤੇ ਸਰਟੀਫ਼ਿਕੇਟ ਭਜਨ ਸਿੰਘ ਥਿੰਦ ਤੇ ਪਰਮਜੀਤ ਢਿੱਲੋਂ ਵੱਲੋਂ ਦਿੱਤੇ ਗਏ

*** ਕਈ ਰੇਸ ਈਵੈਂਟਾਂ ਦੀ ਆਯੋਜਕ ਕੈਲੀ ਆਰਨੌਟ ਨੇ ਦੌੜਾਕਾਂ ਨੂੰ ਮੈਡਲ ਪ੍ਰਦਾਨ ਕੀਤੇ**







ਕੈਲਾਡਨ, (ਡਾ. ਝੰਡ) -ਪਹਿਲੀ ਤੇ ਦੂਸਰੀ ਸੰਸਾਰ ਜੰਗ ਅਤੇ ਉਸ ਤੋਂ ਬਾਅਦ ਹੋਈਆਂ ਲੜਾਈਆਂ ਵਿਚ ਸ਼ਹੀਦ ਹੋਣ ਵਾਲੇ ਕੈਨੇਡਾ ਦੇ ਫ਼ੌਜੀਆਂ ਨੂੰ ਹਰ ਸਾਲ 11 ਨਵੰਬਰ ਨੂੰ 'ਰੀਮੈਂਬਰੈਂਸ ਡੇਅ' ਦਿਨ 'ਤੇ ਯਾਦ ਕੀਤਾ ਜਾਂਦਾ ਹੈ ਅਤੇ ਕਈਆਂ ਸ਼ਹਿਰਾਂ ਵਿਚ ਇਸ ਨਾਲ ਸਬੰਧਿਤ ਬਣੀਆਂ ਯਾਦਗਾਰਾਂ ਉੱਪਰ ਫੁੱਲ-ਮਾਲਾਵਾਂ ਚੜ੍ਹਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਜਾਂਦੀ ਹੈ। ਕੈਨੇਡਾ ਦੇ ਇਸ ਮਹਾਨ ਦਿਨ ਨੂੰ ਸਮਰੱਪਿਤ ਲੰਘੇ ਐਤਵਾਰ 8 ਨਵੰਬਰ ਨੂੰ ਟੀ.ਪੀ.ਏ.ਆਰ. ਕਲੱਬ ਵੱਲੋਂ ਇਕ ਯਾਦਗਾਰੀ ਦੌੜ ਦਾ ਸਫ਼ਲਤਾ ਪੂਰਵਕ ਆਯੋਜਨ ਕੀਤਾ ਗਿਆ ਜਿਸ ਵਿਚ ਕਲੱਬ ਦੇ 25 ਮੈਂਬਰਾਂ ਨੇ ਹਿੱਸਾ ਲਿਆ। ਜੀ.ਟੀ.ਏ. ਅਤੇ ਇਸ ਦੇ ਆਸ-ਪਾਸ ਦੇ ਕਈ ਸ਼ਹਿਰਾਂ ਬਰਲਿੰਗਟਨ, ਹੈਮਿਲਟਨ, ਹਾਲਟਨ, ਨਿਆਗਰਾ ਫਾਲਜ਼, ਆਦਿ ਵਿਚ ਦੌੜਾਂ ਦੇ ਵੱਖ-ਵੱਖ ਈਵੈਂਟਸ ਆਯੋਜਿਤ ਕਰਨ ਵਾਲੀ ਮਹਾਨ ਸ਼ਖ਼ਸੀਅਤ ਕੈਲੀ ਆਰਨੌਟ ਨੇ ਇਸ ਮੌਕੇ ਦੌੜਾਂਕਾਂ ਨੂੰ ਮੈਡਲ ਪ੍ਰਦਾਨ ਕਰਕੇ ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਕੀਤੀ।


ਨਿਸਚਿਤ ਪ੍ਰੋਗਰਾਮ ਮੁਤਾਬਿਕ ਕਲੱਬ ਦੇ ਮੈਂਬਰ ਸਵੇਰੇ 8.30 ਵਜੇ ਕੈਲਾਡਨ ਦੇ ਸਿਵਿਕ ਸੈਂਟਰ ਦੇ ਸਾਹਮਣੇ ਖੁੱਲ੍ਹੀ ਪਾਰਕਿੰਗ ਵਿਚ ਇਕੱਠੇ ਹੋਏ। ਪ੍ਰਬੰਧਕਾਂ ਵੱਲੋਂ ਆਪਣੇ ਨਾਲ ਘਰਾਂ ਤੋਂ ਲਿਆਂਦੀ ਗਈ ਚਾਹ ਅਤੇ ਕੜਾਹ-ਪ੍ਰਸ਼ਾਦ ਛਕ ਕੇ ਸਾਰੇ ਮੈਂਬਰ ਸਵੇਰੇ 9.05 ਵਜੇ ਕੈਲਾਡਨ ਟਰੇਲ ਦੇ ਪੱਛਮ ਵੱਲ ਪਾਸੇ ਨੂੰ ਚੱਲ ਪਏ। ਕਰੋਨਾ ਦੀ ਮੌਜੂਦਾ ਸਥਿਤੀ ਨੂੰ ਮੁੱਖ ਰੱਖਦਿਆਂ ਹੋਇਆਂ ਪਹਿਲਾਂ ਦੌੜਾਕਾਂ ਦੇ ਗਰੁੱਪ ਨੂੰ ਹਰੀ ਝੰਡੀ ਦਿੱਤੀ ਗਈ ਜਿਸ ਵਿਚ 10 ਮੈਂਬਰ ਸ਼ਾਮਲ ਸਨ। ਉਸ ਤੋਂ ਬਾਅਦ ਸੋਸ਼ਲ-ਡਿਸਟੈਂਸਿੰਗ ਦਾ ਖ਼ਿਆਲ ਰੱਖਦਿਆਂ ਹੋਇਆਂ ਵਾੱਕਰਾਂ ਦੇ ਗਰੁੱਪ ਨੂੰ ਉਨ੍ਹਾਂ ਦੇ ਪਿੱਛੇ-ਪਿੱਛੇ ਜਾਣ ਲਈ ਕਿਹਾ ਗਿਆ ਜਿਸ ਦਾ ਹਰੇਕ ਵਿਅੱਕਤੀ ਵੱਲੋਂ ਪੂਰਾ ਧਿਆਨ ਰੱਖਿਆ ਗਿਆ।

10 ਕਿਲੋਮੀਟਰ ਦੌੜ ਦੀ ਸਮਾਪਤੀ 'ਤੇ ਜੀਟੀਏ ਦੇ ਕਈ ਸ਼ਹਿਰਾਂ ਵਿਚ ਦੌੜਾਂ ਦੇ ਕਈ ਈਵੈਂਟਸ ਦਾ ਆਯੋਜਨ ਕਰਨ ਵਾਲੀ ਵੀ.ਆਰ.ਪਰੋ. ਇੰਕ. ਦੀ ਸੀ.ਈ.ਓ. ਕੈਲੀ ਆਰਨੌਟ ਦੇ ਨਿਆਗਰਾ ਸ਼ਹਿਰ ਤੋਂ ਉਚੇਚੇ ਤੌਰ 'ਤੇ ਉੱਥੇ ਪਹੁੰਚਣ 'ਤੇ ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ, ਪੰਜਾਬੀ ਕਮਿਊਨਿਟੀ ਦੀ ਮਾਣਯੋਗ ਸ਼ਖ਼ਸੀਅਤ ਭਜਨ ਸਿੰਘ ਥਿੰਦ ਅਤੇ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸਨ਼ ਦੇ ਮੁੱਖ-ਸੰਚਾਲਕ ਪਰਮਜੀਤ ਸਿੰਘ ਢਿੱਲੋਂ ਵੱਲੋਂ ਖ਼ੂਬਸੂਰਤ ਬੁਕੇ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਉਪਰੰਤ, ਉੱਥੇ ਹੋਏ ਸੰਖੇਪ ਸਮਾਗ਼ਮ ਦੌਰਾਨ ਉਨ੍ਹਾਂ ਨੇ ਇਸ ਦੌੜ ਵਿਚ ਸ਼ਾਮਲ ਹੋਣ ਵਾਲਿਆਂ ਨੂੰ ਮੈਡਲ ਪ੍ਰਦਾਨ ਕੀਤੇ। ਕਰੋਨਾ ਦੇ ਅਜੋਕੇ ਦੌਰ ਨੂੰ ਸਨਮੁੱਖ ਰੱਖਦਿਆਂ ਹੋਇਆਂ ਮੁੱਖ-ਮਹਿਮਾਨ ਵੱਲੋਂ ਇਹ ਮੈਡਲ ਮੈਂਬਰਾਂਾਂ ਦੇ ਹੱਥਾਂ ਵਿਚ ਹੀ ਫੜਾਏ ਗਏ ਜੋ ਉਨ੍ਹਾਂ ਨੇ ਬਾਅਦ ਵਿਚ ਖ਼ੁਦ ਆਪਣੇ ਗਲ਼ਾਂ ਵਿਚ ਪਾ ਲਏ। ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ ਕਿ ਦੌੜ ਦੇ ਇਸ ਈਵੈਂਟ ਉਪਰੰਤ ਹੋਏ ਇਸ ਪ੍ਰਭਾਵਸ਼ਾਲੀ ਸਮਾਗ਼ਮ ਵਿਚ ਸ਼ਾਮਲ ਹੋ ਕੇ ਉਨ੍ਹਾਂ ਨੂੰ ਬੇਅੰਤ ਖ਼ੁਸ਼ੀ ਹੋਈ ਹੈ। ਉਨ੍ਹਾਂ ਕਿਹਾ ਕਿ ਉਹ ਭਵਿੱਖ ਵਿਚ ਇਨ੍ਹਾਂ ਅਗਾਂਹ-ਵਧੂ ਸੰਸਥਾਵਾਂ ਨਾਲ ਮਿਲ ਕੇ ਕੰਮ ਕਰਨਗੇ ਅਤੇ ਦੌੜਾਂ ਦੇ ਇਸ ਸਿਲਸਿਲੇ ਨੂੰ ਹੋਰ ਅੱਗੇ ਵਧਾਉਣ ਦੀ ਪੂਰੀ ਕੋਸ਼ਿਸ਼ ਕਰਨਗੇ।



ਸਕੋਸ਼ੀਆਬੈਂਕ ਟੋਰਾਂਟੋ ਵਾਟਰਫ਼ਰੰਟ ਵਰਚੂਅਲ ਮੈਰਾਥਨ 2020 ਵਿਚ ਭਾਗ ਲੈਣ ਵਾਲੇ ਟੀ.ਪੀ.ਏ.ਆਰ. ਕਲੱਬ ਦੇ ਮੈਂਬਰਾਂ ਨੂੰ ਮੈਡਲ ਅਤੇ ਸਰਟੀਫ਼ੀਕੇਟ ਸ. ਭਜਨ ਸਿੰਘ ਥਿੰਦ ਅਤੇ ਪਰਮਜੀਤ ਸਿੰਘ ਢਿੱਲੋਂ ਵੱਲੋਂ ਦਿੱਤੇ ਗਏ। ਮੈਡਮ ਕੈਲੀ ਆਰਨੌਟ ਨੂੰ ਸਨਮਾਨਿਤ ਕਰਨ ਲਈ ਟੀ.ਪੀ.ਏ.ਆਰ. ਕਲੱਬ, ਐੱਨਲਾਈਟ ਕਿੱਡਜ਼ ਸੰਸਥਾ ਅਤੇ ਗੁਰੂ ਗੋਬਿੰਦ ਸਿੰਘ ਫ਼ਾਊਡੇਸ਼ਨ ਵੱਲੋਂ ਸਾਂਝੇ ਤੌਰ 'ਤੇ ਤਿਆਰ ਕਰਵਾਈ ਗਈ ਖ਼ੂਬਸੂਰਤ ਪਲੇਕ ਡਾ. ਸੁਖਦੇਵ ਸਿੰਘ ਝੰਡ ਵੱਲੋਂ ਕੈਲੀ ਆਰਨੌਟ ਨੂੰ ਭੇਂਟ ਕੀਤੀ ਗਈ। ਇਸ ਮੌਕੇ ਇਨ੍ਹਾਂ ਤਿੰਨਾਂ ਸੰਸਥਾਵਾਂ ਦੇ ਸੰਚਾਲਕ ਅਤੇ ਕਲੱਬ ਦੇ ਮੈਂਬਰ ਉਨ੍ਹਾਂ ਦੇ ਨਾਲ ਖੜੇ ਸਨ। ਡਾ. ਝੰਡ ਵੱਲੋਂ ਕੈਲੀ ਆਰਨੌਟ, ਭਜਨ ਸਿੰਘ ਥਿੰਦ, ਪਰਮਜੀਤ ਸਿੰਘ ਢਿੱਲੋਂ ਅਤੇ ਹਰਦੇਵ ਸਮਰਾ ਦਾ ਢਿੱਲੋਂ ਦਾ ਇਸ ਮੌਕੇ ਉਚੇਚੇ ਤੌਰ 'ਤੇ ਸ਼ਾਮਲ ਹੋਣ ਲਈ ਹਾਰਦਿਕ ਧੰਨਵਾਦ ਕੀਤਾ ਗਿਆ। ਉਨ੍ਹਾ ਕਲੱਬ ਦੇ ਸਮੂਹ ਮੈਂਬਰਾਂ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਦੌੜ ਅਤੇ ਸਕੋਸ਼ੀਆਬੈਂਕ ਟੋਰਾਂਟੋ ਵਾਟਰਫ਼ਰੰਟ ਵਰਚੂਅਲ ਮੈਰਾਥਨ ਵਿਚ ਸਫ਼ਲਤਾ ਪੂਰਵਕ ਭਾਗ ਲਿਆ। ਸਮੁੱਚੇ ਪ੍ਰੋਗਰਾਮ ਨੂੰ ਮੰਚ-ਸੰਚਾਲਕ ਯੋਗੇਸ਼ ਗੁਲਿਆਨੀ ਉਰਫ਼ 'ਯੋਗੀ' ਵੱਲੋਂ ਬੜੇ ਸੁਚੱਜੇ ਢੰਗ ਨਾਲ ਤਰਤੀਬ ਦੇ ਕੇ ਪੇਸ਼ ਕੀਤਾ ਗਿਆ। ਉਪਰੰਤ, ਸਾਰਿਆ ਵੱਲੋਂ ਗਰਮ-ਗਰਮ ਪੀਜ਼ੇ ਦਾ ਲੰਚ ਕੀਤਾ ਗਿਆ ਅਤੇ ਇਕ ਦੂਸਰੇ ਤੋਂ ਵਿਦਾਇਗੀ ਲਈ ਗਈ। ਇਸ ਮੈਡਲ-ਵੰਡ ਸਮਾਗ਼ਮ ਦੀ ਜ਼ੀ.ਟੀ.ਵੀ. ਦੇ ਨੁਮਾਂਇੰਦੇ ਦਪਿੰਦਰ ਵੱਲੋਂ ਬਹੁਤ ਵਧੀਆ ਕੱਵਰੇਜ ਕੀਤੀ ਗਈ।


ukttc UK TRUCK TRAINING CENTRE PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936




ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

# ਜੋ ਬਾਈਡਨ ਦੇ ਸਿਆਸੀ ਕੈਰੀਅਰ ’ਤੇ ਇਕ ਝਾਤ



ਸੁਰਜੀਤ ਸਿੰਘ ਫਲੋਰਾ

ਸਾਰੀ ਦੁਨੀਆਂ ਦੀਆਂ ਅੱਖਾਂ ਅਮਰੀਕਾ ਦੀ ਰਾਸ਼ਟਰਪਤੀ ਚੋਣ ਵੱਲ ਸਨ। ਜਿਸਨੇ ਦੁਨੀਆਂ ਦੀ ਸਿਆਸਤ ਅਤੇ ਅੰਦਰੂਨੀ ਮਸਲਿਆਂ ਨੂੰ ਪ੍ਰਭਾਵਿਤ ਕਰਨਾ ਸੀ। ਚਾਹੇ ਰਾਸ਼ਟਰਪਤੀ ਟਰੰਪ ਨੇ ਚੋਣਾਂ ਵਾਲੀ ਰਾਤ ਨੂੰ ਆਪਣੇ ਆਪ ਨੂੰ ਜੇਤੂ ਕਰਾਰ ਦੇ ਦਿੱਤਾ ਸੀ ਪਰ ਅਸਲ ਪੈਨਸਲਵੇਨੀਆ ਦੀਆਂ ਵੋਟਾਂ ਦੀ ਗਿਣਤੀ ਤੋਂ ਬਾਅਦ ਜੋ ਬਾਈਡਨ 284 ਵੋਟਾਂ ਲੈ ਕੇ ਜੇਤੂ ਹੋ ਗਏ ਹਨ। ਇਥੇ ਹੀ ਵੱਸ ਨਹੀਂ ਜੇਕਰ ਬਾਈਡਨ ਜੋਰਜੀਆ ਅਤੇ ਨਵਾਡਾ ਤੋਂ ਵੀ ਸੀਟਾਂ ਜਿੱਤ ਜਾਂਦੇ ਹਨ ਤਾਂ ਉਹਨਾਂ ਕੋਲ 306 ਇਲੈਕਟਰਲ ਸੀਟਾਂ ਹੋ ਜਾਣਗੀਆਂ, ਅਮਰੀਕਾ ਦਾ ਰਾਸ਼ਟਰਪਤੀ ਬਨਣ ਲਈ 270 ਸੀਟਾਂ ਦੀ ਜ਼ਰੂਰਤ ਹੁੰਦੀ ਹੈ। ਇਸ ਵੇਲੇ ਜੋ ਬਾਈਡਨ ਨਵਾਡਾ ਵਿੱਚ 22657, ਜੋਰਜੀਆ ਵਿੱਚ 7248 ਤੇ ਅੱਗੇ ਚੱਲ ਰਹੇ ਹਨ।

ਅਮਰੀਕਾ ਦੇ ਇਤਿਹਾਸ ਵਿੱਚ ਪਹਿਲੀ ਵਾਰ ਤਕਰੀਬਨ 15 ਕਰੋੜ ਵੋਟਾਂ ਪਈਆਂ ਹਨ ਜੋ ਕਿ ਹੁਣ ਤੱਕ ਦੀਆਂ ਸੱਭ ਤੋਂ ਰਿਕਾਰਡ ਤੋੜ ਹਨ। ਰਾਸ਼ਟਰਪਤੀ ਟਰੰਪ ਨੇ ਚੋਣਾਂ ਵਿੱਚ ਹੋਈ ਹੇਰਾ-ਫੇਰੀ ਦਾ ਮੁੱਦਾ ਕਈ ਮਹੀਨਿਆਂ ਤੋਂ ਪਾ ਰਿਹਾ ਹੈ ਅਤੇ ਉਸਨੇ ਆਪਣੇ ਵੋਟਰਾਂ ਨੂੰ ਡਾਕ ਦੀ ਬਜਾਏ ਆਪ ਜਾ ਕੇ 4 ਨਵੰਬਰ ਨੂੰ ਵੋਟ ਪਾਉਣ ਨੂੰ ਕਿਹਾ ਸੀ। ਆਪ ਜਾ ਕੇ ਵੋਟ ਪਾਉਣ ਨਾਲ-ਨਾਲ ਹੀ ਗਿਣੀ ਜਾਂਦੀ ਹੈ ਅਤੇ ਡਾਕਵਾਲ਼ੀਆਂ ਬਾਅਦ ਵਿੱਚ ਗਿਣੀਆਂ ਜਾਂਦੀਆਂ ਹਨ। ਜੋ ਬਾਈਡਨ ਨੇ ਲੋਕਾਂ ਨੂੰ ਡਾਕ ਰਾਹੀਂ ਪਾਉਣ ਨੂੰ ਤਰਜ਼ੀਹ ਦਿੱਤੀ ਸੀ ਕਿਉਂ ਕਿ ਡੈਮੋਕਰੈਟਿਕ ਵੋਟਰ ਵੋਟ ਪਾਉਣ ਵਿੱਚ ਸੁਸਤ ਗਿਣਿਆ ਜਾਂਦਾ ਹੈ। ਪਿਛਲੀਆਂ ਚੋਣਾਂ ਵਿੱਚ ਹਿਲਰੀ ਕਲਿੰਟਨ ਦੇ ਹਾਰ ਜਾਣ ਦਾ ਵੱਡਾ ਕਾਰਣ ਡੈਮੋਕਰੈਟਿਕ ਵੋਟਰਾਂ ਵੱਲੋਂ ਘੱਟ ਉਤਸ਼ਾਹ ਦਿਖਾਉਣਾ ਹੀ ਸੀ। ਇਹੀ ਕਾਰਣ ਹੈ ਕਿ ਪਹਿਲਾਂ ਟਰੰਪ ਗਿਣਤੀ ਵਿੱਚ ਅੱਗੇ ਸੀ ਪਰ ਜਦੋਂ ਡਾਕਵੋਟਾਂ ਦੀ ਗਿਣਤੀ ਸ਼ੁਰੂ ਹੋਈ ਤਾਂ ਜੋ ਬਾਈਡਨ ਅੱਗੇ ਲੰਘ ਗਏ ਜੋ ਕਿ ਯਕੀਨੀ ਸੀ ਪਰ ਟਰੰਪ ਲੋਕਾਂ ਖ਼ਾਸ ਕਰ ਰਿਪਲਿਕਨ ਵੋਟਰਾਂ ਦੇ ਦਿਮਾਗ ਵਿੱਚ ਚੋਣਾਂ ਵਿੱਚ ਹੋਈ ਹੇਰਾ-ਫੇਰੀ ਦਾ ਸ਼ੱਕ ਖੜਾ ਕਰਣ ਵਿੱਚ ਕਾਮਯਾਬ ਰਿਹਾ। ਅਸਲ ਵਿੱਚ ਅਮਰੀਕਾ ਵਰਗੇ ਮੁਲਕ ਵਿੱਚ ਇਸਤਰਾਂ ਦੀ ਹੇਰਾ-ਫੇਰੀ ਸੰਭਵ ਨਹੀਂ। ਟਰੰਪ ਨੇ ਲੋਕਾਂ ਵਿੱਚ ਹਾਰ ਨਹੀਂ ਮੰਨੀ ਪਰ ਅੰਦਰੋਂ ਉਹ ਹਾਰ ਮੰਨੀ ਬੈਠਾ ਸੀ ਜਿਸਦੇ ਸੰਕੇਤ ਉਸ ਵੱਲੋਂ ਸੁਪਰੀਮ ਕੋਰਟ ਜਾਣ ਜਾਂ 2024 ਵਿੱਚ ਦੁਬਾਰਾ ਚੋਣ ਲੜਨ ਦੇ ਇਸ਼ਾਰਿਆਂ ਤੋਂ ਮਿਲਦੇ ਹਨ।

ਜੋਅ ਬਾਈਡਨ ਦੇ ਜੀਵਨ ਤੇ ਇਕ ਝਲਕ ਮਾਰੀਏ ਤਾਂ ਬਹੁਤ ਕੁਝ ਉਹਨਾਂ ਵਾਰੇ ਜਾਣਕਾਰੀ ਮਿਲਦੀ ਹੈ। ਜੋਅ ਬਾਈਡਨ ਉਸ ਸਮੇਂ ਸਿਆਸਤ ਵਿੱਚ ਆਏ ਸਨ ਜਦੋਂ ਅਮਰੀਕਾ ਦੇ ਬਹੁਤੇ ਅਜੋਕੇ ਵੋਟਰ ਹਾਲੇ ਪੈਦਾ ਵੀ ਨਹੀਂ ਹੋਏ ਹੋਣਗੇ। ਬਰਾਕ ਓਬਾਮਾ ਦੇ ਉਪ-ਰਾਸ਼ਟਰਪਤੀ ਰਹੇ ਬਾਇਡਨ ਨੂੰ ਰਸਮੀ ਤੌਰ 'ਤੇ ਨਵੰਬਰ ਵਿੱਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਲਈ ਡੈਮੋਕਰੇਟਿਕ ਪਾਰਟੀ ਦਾ ਉਮੀਦਵਾਰ ਚੁਣਿਆ ਗਿਆ ਸੀ।



ਆਪਣੇ ਹਮਾਇਤੀਆਂ ਲਈ ਉਹ ਵਾਸ਼ਿੰਗਟਨ ਵਿੱਚ ਮੌਜੂਦ ਅਜਿਹਾ ਵਿਅਕਤੀ ਹੈ, ਜਿਸ ਨੂੰ ਵਿਦੇਸ਼ ਨੀਤੀ ਦਾ ਦਹਾਕਿਆਂ ਦਾ ਤਜ਼ਰਬਾ ਹੈ ਅਤੇ ਜੋ ਇਸ ਵਿੱਚ ਮਾਹਿਰ ਹੈ। ਇਸ ਦੇ ਨਾਲ ਹੀ ਉਹ ਇਕ ਬਹੁਤ ਹੀ ਬੇਹਤਰੀਨ ਬੁਲਾਰਾ ਹੈ, ਜੋ ਆਪਣੇ ਆਕਰਸ਼ਣ ਨਾਲ ਆਮ ਲੋਕਾਂ ਤੱਕ ਪਹੁੰਚ ਸਕਦਾ ਹੈ ਅਤੇ ਇੱਕ ਅਜਿਹਾ ਵਿਅਕਤੀ ਹੈ ਜਿਸਨੇ ਨਿੱਜੀ ਜ਼ਿੰਦਗੀ ਦੇ ਦੁੱਖਾਂ ਦਾ ਬਹਾਦਰੀ ਨਾਲ ਸਾਹਮਣਾ ਕੀਤਾ ਹੈ।

ਵਾਸ਼ਿੰਗਟਨ ਵਿੱਚ ਉਨ੍ਹਾਂ ਦਾ ਸਿਆਸੀ ਜੀਵਨ ਯੂਐੱਸ ਸੈਨੇਟ ਵਿੱਚ 1973 (47 ਸਾਲ ਪਹਿਲਾਂ) ਵਿੱਚ ਸ਼ੁਰੂ ਹੋਇਆ ਸੀ ਅਤੇ ਰਾਸ਼ਟਰਪਤੀ ਲਈ ਉਨ੍ਹਾਂ ਦੀ ਪਹਿਲੀ ਚੋਣ ਮੁਹਿੰਮ 1987 'ਚ (33 ਸਾਲ ਪਹਿਲਾਂ) ਸ਼ੁਰੂ ਹੋਈ ਸੀ।

ਚੋਣ ਰੈਲੀਆਂ ਵਿੱਚ ਬੋਲਣ ਲੱਗੇ ਉਹ ਵਹਿ ਜਾਂਦੇ ਹਨ। ਜਿਸ ਦੀ ਉਨ੍ਹਾਂ ਨੂੰ ਕੀਮਤ ਵੀ ਚੁਕਾਉਣੀ ਪਈ ਹੈ। ਰਾਸ਼ਟਰਪਤੀ ਲਈ ਉਹ ਤੀਜੀ ਵਾਰ ਪਿੜ ਵਿੱਚ ਸਨ।

ਉਨ੍ਹਾਂ ਨੇ ਆਪਣੇ ਲੰਮੇ ਸਿਆਸਤ ਇਤਿਹਾਸ ਦੀ ਗੱਲ ਕਰਦੇ ਹੋਏ ਕਈ ਵਾਰ ਕਿਹਾ ਕਿ ਉਹ ਇਸ ਗੱਲੋਂ ਨਿਰਾਸ਼ ਹਨ ਕਿ ਉਨ੍ਹਾਂ ਨੂੰ ਜ਼ਿੰਦਗੀ ਵਿੱਚ ਕਦੇ ਵੀ ਉਹ ਮੌਕੇ ਨਹੀਂ ਮਿਲੇ ਜਿਨ੍ਹਾਂ ਦੇ ਉਹ ਹਕੀਕਤ ਤੌਰ ਤੇ ਹੱਕਦਾਰ ਸਨ।

2009 ਵਿੱਚ ਰਾਸ਼ਟਰਪਤੀ ਓਬਾਮਾ ਦੇ ਉਪ ਰਾਸ਼ਟਰਪਤੀ ਦੇ ਰੂਪ ਵਿੱਚ ਉਨ੍ਹਾਂ ਨੇ ਦਾਅਵਾ ਕਰ ਦਿੱਤਾ ਕਿ 'ਤੀਹ ਫੀਸਦੀ ਸੰਭਾਵਨਾ ਹੈ ਕਿ ਅਸੀਂ ਆਰਥਿਕਤਾ ਨੂੰ ਖਰਾਬ ਕਰਨ ਜਾ ਰਹੇ ਹਾਂ।'

ਉਹ ਸ਼ਾਇਦ ਖੁਸ਼ਕਿਸਮਤ ਹੀ ਸਨ ਕਿ ਉਨ੍ਹਾਂ ਨੂੰ ਓਬਾਮਾ ਦਾ ਉਪ ਰਾਸ਼ਟਰਪਤੀ ਚੁਣ ਲਿਆ ਗਿਆ। ਜਿਨ੍ਹਾਂ ਬਾਰੇ ਉਨ੍ਹਾਂ ਨੇ ਕਿਹਾ ਸੀ, 'ਮੁੱਖ ਧਾਰਾ ਵਿੱਚ ਵਿਚਰਨ ਵਾਲਾ ਅਫ਼ਰੀਕੀ-ਅਮਰੀਕੀ ਜੋ ਖੁੱਲ੍ਹ ਕੇ ਬੋਲਦਾ ਹੈ, ਪ੍ਰਤਿਭਾਵਾਨ ਹੈ ਅਤੇ ਸਾਫ਼ ਸੁਥਰੇ ਅਕਸ ਵਾਲਾ ਵਿਅਕਤੀ ਹੈ"।

ਬਾਈਡਨ ਓਬਾਮਾ ਦੇ ਰਾਸ਼ਟਰਪਤੀ ਹੁੰਦਿਆਂ ਸਾਲ 2009 ਤੋਂ 2017 ਤੱਕ ਅਮਰੀਕਾ ਦੇ ਉਪ ਰਾਸ਼ਟਰਪਤੀ ਰਹੇ ਹਨ, ਪਰ ਉਸਦੇ ਬੋਲਣ ਦੇ ਹੁਨਰ ਦਾ ਇੱਕ ਦੂਜਾ ਪਹਿਲੂ ਵੀ ਹੈ-ਮਸ਼ੀਨੀ ਸਿਆਸਤਦਾਨ ਜੋ ਤੋਲ-ਤੋਲ ਕੇ ਬੋਲਦੇ ਹਨ। ਜੋਅ ਇੱਕ ਅਸਲ ਵਿਅਕਤੀ ਦੇ ਰੂਪ ਵਿੱਚ ਸਾਹਮਣੇ ਆਉਂਦੇ ਹਨ। ਉਹ ਕਹਿੰਦੇ ਹਨ ਕਿ ਉਹ ਬਚਪਨ ਵਿੱਚ ਹਕਲਾਉਂਦੇ ਸਨ, ਪਰ ਉਹ ਆਟੋਕਿਊ ਤੋਂ ਪੜ੍ਹ ਕੇ ਬੋਲਣਾ ਪਸੰਦ ਨਹੀਂ ਕਰਦੇ, ਇਸਦੀ ਬਜਾਏ ਉਹ ਦਿਲ ਚੋਂ ਬੋਲਦੇ ਹਨ।

ਬਾਈਡਨ ਅਮਰੀਕਾ ਦੇ ਬਲੂ-ਕਾਲਰ ਵਰਕਰਾਂ ਦੀ ਰੈਲੀ ਨੂੰ ਜੋਸ਼ ਨਾਲ ਸੰਬੋਧਿਤ ਕਰਦੇ ਹਨ ਅਤੇ ਬਾਅਦ ਵਿੱਚ ਭੀੜ ਦਾ ਹਿੱਸਾ ਬਣ ਜਾਂਦੇ ਹਨ। ਫਿਰ ਉਨ੍ਹਾਂ ਨਾਲ ਹੱਥ ਮਿਲਾਉਂਦੇ ਹਨ, ਉਨ੍ਹਾਂ ਦੀਆਂ ਪਿੱਠਾਂ ਥਾਪੜਦੇ ਹਨ ਅਤੇ ਅੰਤ ਵਿੰਚ ਇੱਕ ਰੌਕ ਸਟਾਰ ਵਾਂਗ ਲੋਕਾਂ ਨਾਲ ਸੈਲਫੀ ਲੈਂਦੇ ਹਨ।

ਸਾਬਕਾ ਵਿਦੇਸ਼ ਮੰਤਰੀ ਅਤੇ ਰਾਸ਼ਟਰਪਤੀ ਪਦ ਦੇ ਉਮੀਦਵਾਰ ਜੌਹਨ ਕੈਰੀ ਨੇ 'ਨਿਊ ਯਾਰਕਰ ਮੈਗਜ਼ੀਨ' ਨੂੰ ਦੱਸਿਆ,"ਉਹ ਲੋਕਾਂ ਨੂੰ ਆਪਣੇ ਨਜ਼ਦੀਕ ਲਿਆ ਕੇ ਉਨ੍ਹਾਂ ਨੂੰ ਜੱਫ਼ੀ ਪਾ ਲੈਂਦਾ ਹੈ। "ਉਹ ਬਹੁਤ ਕੁਸ਼ਲ ਸਿਆਸਤਦਾਨ ਹੈ ਅਤੇ ਇਹ ਸਭ ਅਸਲੀ ਹੈ, ਇਸ ਵਿੱਚ ਕੋਈ ਵੀ ਦਿਖਾਵਾ ਨਹੀਂ ਹੈ।" ਪਰ ਉਹ ਬਹੁਤ ਭਾਵਨਾਤਮਕ ਹੋ ਜਾਂਦਾ ਹੈ ਤਾਂ ਉਹ ਇੱਕ ਸਮੱਸਿਆ ਦਾ ਕਾਰਨ ਬਣ ਜਾਂਦਾ ਹੈ।

ਉਨ੍ਹਾਂ ਨੂੰ ਵਾਸ਼ਿੰਗਟਨ ਵਿੱਚ ਤਿੰਨ ਦਹਾਕਿਆਂ ਤੋਂ ਜ਼ਿਆਦਾ ਸਮਾਂ ਸੈਨੇਟ ਵਿੱਚ ਅਤੇ ਓਬਾਮਾ ਦੇ ਉਪ ਰਾਸ਼ਟਰਪਤੀ ਦੇ ਰੂਪ ਵਿੱਚ ਅੱਠ ਸਾਲਾਂ ਦਾ ਬਹੁਤ ਲੰਬਾ ਤਜਰਬਾ ਹੈ, ਪਰ ਇਸ ਤਰ੍ਹਾਂ ਦੀਆਂ ਯੋਗਤਾਵਾਂ ਹਮੇਸ਼ਾ ਮਦਦਗਾਰ ਸਾਬਤ ਨਹੀਂ ਹੁੰਦੀਆਂ।

ਬਾਈਡਨ ਦੇ ਪ੍ਰਸੰਸਕਾਂ ਨੂੰ ਉਮੀਦ ਹੈ ਕਿ ਉਨ੍ਹਾਂ ਦੇ ਜ਼ਮੀਨ ਨਾਲ ਜੁੜੇ ਰਹਿਣ ਵਾਲੇ ਚਰਿੱਤਰ ਕਾਰਨ, ਉਨ੍ਹਾਂ ਨੂੰ ਇਸ ਤਰ੍ਹਾਂ ਦੀ ਸਥਿਤੀ ਦਾ ਸਾਹਮਣਾ ਨਹੀਂ ਕਰ ਦਿੱਤਾ ਤੇ ਉਹਨਾਂ ਨੂੰ ਅਮਰੀਖਾ ਦੀ ਵਾਂਗ ਡੋਰ ਸਭਾਂਲ ਦਿੱਤੀ ।

ਇੱਕ ਤੋਂ ਜ਼ਿਆਦਾ ਵਾਰ ਅਮਰੀਕਨਾਂ ਨੇ ਇਹ ਸਾਬਤ ਕੀਤਾ ਹੈ ਕਿ ਉਹ ਉਸ ਉਮੀਦਵਾਰ ਨੂੰ ਵੋਟ ਦੇਣਗੇ ਜੋ ਦਾਅਵਾ ਕਰਦੇ ਹਨ ਕਿ ਉਹ ਵਾਸ਼ਿੰਗਟਨ ਦੇ ਖ਼ਾਸਮ-ਖ਼ਾਸ ਨਹੀਂ ਹਨ, ਬਲਕਿ ਉਹ ਸਿਆਸੀ ਪ੍ਰਤਿਸ਼ਠਾ ਨੂੰ ਹਿਲਾਉਣ ਲਈ ਵ੍ਹਾਈਟ ਹਾਊਸ ਜਾ ਰਹੇ ਹਨ।

ਲਗਭਗ ਪੰਜਾਹ ਸਾਲ ਤੱਕ ਸਿਆਸਤ ਦੇ ਸਿਖਰਲੇ ਅਹੁਦਿਆਂ 'ਤੇ ਰਹਿਣ ਕਾਰਨ ਬਾਈਡਨ ਲਈ ਇਹ ਦਾਅਵਾ ਕਰਨਾ ਅਸੰਭਵ ਹੈ।

ਪਿਛਲੇ ਕੁਝ ਦਹਾਕਿਆਂ ਦੌਰਾਨ ਬਾਈਡਨ ਹਰ ਵੱਡੀ ਘਟਨਾ ਬਾਰੇ ਕੁਝ ਨਾ ਕੁਝ ਟਿੱਪਣੀ ਕੀਤੀ ਹੈ ਅਤੇ ਮੌਜੂਦਾ ਰਾਜਨੀਤਕ ਮਾਹੌਲ ਵਿੱਚ ਇਸ ਤਰ੍ਹਾਂ ਦਾ ਵਿਵਹਾਰ ਬਹੁਤਾ ਚੰਗਾ ਨਹੀਂ ਲਗਦਾ।

1970ਵਿਆਂ ਦੇ ਦਹਾਕੇ ਵਿੱਚ ਉਨ੍ਹਾਂ ਨੇ ਜਨਤਕ ਸਕੂਲਾਂ ਨੂੰ ਨਸਲੀ ਰੂਪ ਵਿੱਚ ਏਕੀਕ੍ਰਿਤ ਕਰਨ ਲਈ ਬੱਚਿਆਂ ਨੂੰ ਦੂਜੇ ਗੁਆਂਢੀ ਸਕੂਲਾਂ ਵਿੱਚ ਦਾਖ਼ਲ ਕਰਨ ਦੀ ਪ੍ਰਥਾ ਦੇ ਵਿਰੋਧ ਵਿੱਚ ਦੱਖਣੀ ਵੱਖਵਾਦੀਆਂ ਦਾ ਪੱਖ ਪੂਰਿਆ।

ਰਿਪਬਲੀਕਨ ਇਹ ਕਹਿਣਾ ਪਸੰਦ ਕਰਦੇ ਹਨ ਕਿ ਓਬਾਮਾ ਦੇ ਰੱਖਿਆ ਸਕੱਤਰ ਰਾਬਰਟ ਗੇਟਸ ਨੇ ਕਿਹਾ ਸੀ, "ਬਾਈਡਨ ਨੂੰ ਪਸੰਦ ਨਾ ਕਰਨਾ ਅਸੰਭਵ ਹੈ।' ਪਰ ਪਿਛਲੇ ਚਾਰ ਦਹਾਕਿਆਂ ਵਿੱਚ 'ਲਗਭਗ ਹਰ ਵੱਡੀ ਵਿਦੇਸ਼ ਨੀਤੀ ਅਤੇ ਰਾਸ਼ਟਰੀ ਸੁਰੱਖਿਆ ਦੇ ਮੁੱਦੇ 'ਤੇ ਉਹ ਗਲਤ ਰਹੇ ਹਨ।"

ਡੈਮੋਕਰੇਟਿਕ ਇਸ ਮੁਹਿੰਮ ਦੇ ਚੱਲਦਿਆਂ ਇਸ ਤੋਂ ਬਹੁਤ ਜ਼ਿਆਦਾ ਉਮੀਦ ਕਰ ਸਕਦੇ ਹਨ।

ਬਾਈਡਨ ਲਈ ਇਹ ਦੁੱਖ ਦੀ ਗੱਲ ਹੈ ਕਿ ਉਹ ਆਮ ਤੌਰ 'ਤੇ ਕਈ ਸਿਆਸਤਦਾਨਾਂ ਦੀ ਤੁਲਨਾ ਵਿੱਚ ਘੱਟ ਦਿਖਾਈ ਦਿੰਦੇ ਹਨ ਕਿਉਂਕਿ ਉਹ ਉਸ ਮੌਤ ਤੋਂ ਬਹੁਤ ਡਰਦੇ ਹਨ ਜੋ ਸਾਨੂੰ ਸਾਰਿਆਂ ਨੂੰ ਪ੍ਰਭਾਵਿਤ ਕਰਦੀ ਹੈ।

ਜਦੋਂ ਉਹ ਸੈਨੇਟ ਪਹਿਲੀ ਵਾਰ ਚੁਣੇ ਜਾਣ ਤੋਂ ਬਾਅਦ ਜਦੋਂ ਉਹ ਸਹੁੰ ਚੁੱਕਣ ਦੀ ਤਿਆਰੀ ਕਰ ਰਹੇ ਸਨ, ਉਨ੍ਹਾਂ ਦੀ ਪਤਨੀ ਨੀਲਿਆ ਅਤੇ ਉਨ੍ਹਾਂ ਦੀ ਬੇਟੀ ਨਿਓਮੀ ਦੀ ਕਾਰ ਹਾਦਸੇ ਵਿੱਚ ਮੌਤ ਹੋ ਗਈ ਅਤੇ ਦੋ ਪੁੱਤਰ ਬਯੂ ਅਤੇ ਹੰਟਰ ਵੀ ਜ਼ਖ਼ਮੀ ਹੋ ਗਏ ਸਨ।

ਬਯੂ ਦੀ ਬਾਅਦ ਵਿੱਚ 2015 ਵਿੱਚ ਬਰੇਨ ਟਿਊਮਰ ਨਾਲ 46 ਸਾਲ ਦੀ ਉਮਰ ਵਿੱਚ ਮੌਤ ਹੋ ਗਈ।

ਇਨ੍ਹਾਂ ਪਰਿਵਾਰਕ ਮੈਂਬਰਾਂ ਨੂੰ ਜਵਾਨ ਉਮਰ ਵਿੱਚ ਗੁਆਉਣ ਕਾਰਨ ਬਾਈਡਨ ਨੂੰ ਕਈ ਅਮਰੀਕੀਆਂ ਨੇ ਇਹ ਦਿਖਾਉਂਦੇ ਹੋਏ ਭਰੋਸੇ ਮੰਦ ਬਣਾ ਦਿੱਤਾ ਕਿ ਰਾਜਨੀਤਕ ਸ਼ਕਤੀ ਅਤੇ ਦੌਲਤ ਦੇ ਬਾਵਜੂਦ ਉਨ੍ਹਾਂ ਨੂੰ ਜ਼ਿੰਦਗੀ ਦੀਆਂ ਅਜਿਹੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਨ੍ਹਾਂ ਦਾ ਆਮ ਲੋਕਾਂ ਨੂੰ ਵੀ ਸਾਹਮਣਾ ਕਰਨਾ ਪੈਂਦਾ ਹੈ।

ਬਾਈਡਨ ਦੀ ਪਤਨੀ ਨੀਲਾ ਦੀ ਕਾਰ ਹਾਦਸੇ ਵਿੱਚ ਮੌਤ ਹੋ ਗਏ ਸੀ

ਅਮਰੀਕਾ ਵਿੱਚ ਕਈ ਲੋਕਾਂ ਦੇ ਦਿਲਾਂ 'ਚ ਇੱਕ ਅਜਿਹੇ ਵਿਅਕਤੀ ਲਈ ਹਮਦਰਦੀ ਹੋ ਸਕਦੀ ਹੈ ਜਿਸ ਨੇ ਨਸ਼ੇ ਦੀ ਲਤ ਨਾਲ ਸੰਘਰਸ਼ ਕੀਤਾ ਹੋਵੇ ਪਰ ਇਸੇ ਵਿਅਕਤੀ ਨੂੰ ਵੱਡੀਆਂ-ਵੱਡੀਆਂ ਨੌਕਰੀਆਂ ਵੀ ਮਿਲਦੀਆਂ ਰਹੀਆਂ, ਜਿਸ ਤੋਂ ਨਜ਼ਰ ਆਉਂਦਾ ਹੈ ਕਿ ਬਾਈਡਨ ਦੇ ਪਰਿਵਾਰ ਵਰਗੇ ਸਿਆਸੀ ਖਾਨਦਾਨਾਂ ਲਈ ਜ਼ਿੰਦਗੀ ਹੋਰਨਾਂ ਨਾਲੋਂ ਕਿੰਨੀ ਵੱਖ ਰਹੀ ਹੈ।

ਵਿਦੇਸ਼ਾਂ ਵਿੱਚ ਹੋਏ ਘੁਟਾਲੇ ਵਿਸ਼ੇਸ਼ ਤੌਰ 'ਤੇ ਬਾਈਡਨ ਲਈ ਹਾਨੀਕਾਰਕ ਹਨ ਕਿਉਂਕਿ ਉਨ੍ਹਾਂ ਦੀ ਇੱਕ ਤਾਕਤ ਉਨ੍ਹਾਂ ਦਾ ਰਾਜਨੀਤਕ ਤਜਰਬਾ ਹੈ। ਉਹ ਪਹਿਲਾਂ ਸੈਨੇਟ ਦੀ ਵਿਦੇਸ਼ੀ ਸਬੰਧ ਕਮੇਟੀ ਦੇ ਪ੍ਰਧਾਨ ਸਨ ਅਤੇ ਉਨ੍ਹਾਂ ਨੇ ਦਾਅਵਾ ਕੀਤਾ ਸੀ ਕਿ ਉਹ 'ਪਿਛਲੇ 45 ਸਾਲਾਂ ਵਿੱਚ ਹਰ ਪ੍ਰਮੁੱਖ ਵਿਸ਼ਵ ਨੇਤਾ ਨੂੰ ਮਿਲੇ ਸਨ।"

ਹਾਲਾਂਕਿ ਇਹ ਵੋਟਰਾਂ ਨੂੰ ਇਹ ਭਰੋਸਾ ਦਿਵਾਉਂਦਾ ਹੈ ਕਿ ਉਸਨੂੰ ਭਵਿੱਖ ਵਿੱਚ ਰਾਸ਼ਟਰਪਤੀ ਬਣਨ ਲਈ ਜ਼ਰੂਰੀ ਤਜਰਬਾ ਹੈ, ਪਰ ਇਹ ਕਿਆਸ ਲਗਾਉਣਾ ਮੁਸ਼ਕਿਲ ਸੀ ਕਿ ਇਸ ਖੇਤਰ ਵਿੱਚ ਉਨ੍ਹਾਂ ਦਾ ਰਿਕਾਰਡ ਵੋਟਰਾਂ ਨੂੰ ਕਿਵੇਂ ਖਿੱਚ ਸਕਣਗੇ, ਪਰ ਉਹਨਾਂ ਦੀ ਹਿੰਮਤ ਤੇ ਹੌਂਸਲੇ ਨੇ ਇਹ ਸਭ ਸੱਚ ਕਰ ਦਿਖਾਇਆਂ।

ਉਨ੍ਹਾਂ ਦੀ ਜ਼ਿਆਦਾਤਰ ਰਾਜਨੀਤੀ ਦੀ ਤਰ੍ਹਾਂ, ਉਸਨੂੰ ਉਦਾਰਵਾਦੀ ਕਿਹਾ ਜਾ ਸਕਦਾ ਹੈ।

ਉਨ੍ਹਾਂ ਨੇ 1991 ਦੇ ਖਾੜੀ ਯੁੱਧ ਖਿਲਾਫ਼ ਮਤਦਾਨ ਕੀਤਾ, ਫਿਰ 2003 ਵਿੱਚ ਉਹ ਇਰਾਕ 'ਤੇ ਹਮਲੇ ਦੇ ਪੱਖ ਵਿੱਚ ਸਨ, ਪਰ "ਥੇ ਅਮਰੀਕੀ ਦਖ਼ਲ ਦੇ ਆਲੋਚਕ ਬਣ ਗਏ।

ਇੱਥੋਂ ਤੱਕ ਕਿ ਫੇਸ ਮਾਸਕ ਇੱਕ ਰਾਜਨੀਤਕ ਮੁੱਦਾ ਬਣ ਗਿਆ ਹੈ ਜਿਸ ਵਿੱਚ ਬਾਈਡਨ ਨੇ ਅਕਸਰ ਮਾਸਕ ਪਹਿਨਿਆ ਹੁੰਦਾ ਸੀ ਜਦੋਂਕਿ ਟਰੰਪ ਇਸ ਦੇ ਉਲਟ ਬਿਨਾਂ ਮਾਸਕ ਦੇ ਵਿਚਰਦੇ ਸਨ। ਰਾਜਨੀਤਕ ਪ੍ਰਚਾਰ ਵਿੱਚ ਕਦੇ-ਕਦੇ ਖਿੱਚੋਤਾਣ ਅਤੇ ਅਕਸ ਪ੍ਰਬੰਧਨ ਤੋਂ ਪਰਾਂ ਬਹੁਤ ਵੱਡੀਆਂ ਚੀਜ਼ਾਂ ਦਾਅ 'ਤੇ ਲੱਗੀਆਂ ਹੋਈਆਂ ਸਨ।

ਬਾਈਡਨ ਦੀ ਜਿੱਤ ਉਨ੍ਹਾਂ ਦੇ ਲੰਬੇ ਸਿਆਸੀ ਕਰੀਅਰ ਦਾ ਇਕ ਮਹੱਤਵਪੂਰਨ ਪਲ ਹੈ, ਜਿਸ ਦੀ ਉਹ ਬਹੁਤ ਦੇਰ ਤੋਂ ਸਪਨੇ ਦੇਖ ਰਹੇ ਹਨ। ਅਖਿਰ ਉਹ ਦਿਨ ਆ ਹੀ ਗਿਆ ਜਦ ਅਮਰੀਕਾ ਦੇ ਲੋਕਾ ਨੇ ਉਹਨਾਂ ਦਾ ਇਹ ਸੁਪਨਾ ਵੀ 77 ਦੀ ਉਮਰ'ਚ ਪੂਰਾ ਕਰ ਦਿੱਤਾ ਜੋ ਉਹਨਾਂ ਨੇ ਸ਼ਾਇਦ ਕਦੇ 29 ਸਾਲਾਂ ਦੇ ਆਪਣੇ ਸਿਆਸੀ ਕੈਰੀਅਰ ਦੀ ਸ਼ੁਰੂਆਤ ਸਮੇਂ ਦੇਖਿਆਂ ਸੀ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

Founder Editor: Jagdish Singh Grewal
Managing Director: Parminder Kaur Grewal
Contributing Editors: Gyan Singh; Angrej Singh
Office Admin: Priya Dhillon
Graphic Designer: Priya Dhillon
Photographer: Kanwaljit Singh Kanwal
Distributer: Aman Warraich

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਹਲਕਾ ਫੁਲਕਾ

ਵਿਪਨ, ‘‘ਜੋ ਸੋਵਤ ਹੈ, ਵਹ ਖੋਵਤ ਹੈ।’’

ਵਿਨੇ, ‘‘ਔਰ ਜੋ ਜਾਗਤ ਹੈ, ਵਹ ਕੌਨ-ਸਾ ਪਹਾੜ ਫੋੜਤ ਹੈ। ਵਹ ਫੋਨ ਚਲਾਵਤ ਹੈ।’’

*********

ਨੀਰਜ ਅਤੇ ਰੰਜਨ ਆਪਸ 'ਚ ਗੱਲ ਕਰ ਰਹੇ ਸਨ। ਰੰਜਨ (ਨੀਰਜ ਨੂੰ), ‘‘ਕੋਈ ਜੋਕ ਸੁਣਾ ਜੋ ਸਿਰਫ ਇੱਕ ਲਾਈਨ ਦਾ ਹੀ ਹੋਵੇ।’’

ਨੀਰਜ, ‘‘ਇੱਕ ਹੀ ਲਾਈਨ ਦਾ?’’

ਰੰਜਨ ‘‘ਹਾਂ।’’

ਨੀਰਜ, ‘‘ਇੱਕ ਬੁੱਢੀ ਔਰਤ ਛੋਟੀ ਉਮਰ 'ਚ ਮਰ ਗਈ।’’

*********

ਸ਼ਹਿਰ ਤੋਂ ਗਏ ਇੱਕ ਬਾਊ ਜੀ ਪਿੰਡ ਦੇ ਚੌਧਰੀ ਸਾਹਿਬ ਨੂੰ ਕਹਿਣ ਲੱਗੇ, ‘‘ਮੈਂ ਇਥੇ ਗਰਾਮ ਸੇਵਾ ਕਰਨ ਆਇਆ ਹਾਂ। ਮੈਨੂੰ ਕੋਈ ਵੱਡਾ ਕੰਮ ਦੱਸੋ।’’

‘‘ਠੀਕ ਹੈ ਸਭ ਤੋਂ ਪਹਿਲਾਂ ਤੁਸੀਂ ਸਾਹਮਣੇ ਖੜ੍ਹੇ ਇਸ ਊਠ ਨੂੰ ਨਵਾਓ’’ ਚੌਧਰੀ ਸਾਹਿਬ ਬੋਲੇ।

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

MARVES HARDWOOD FLOORING
Services:
Fence - Hardwood Flooring
Stairs - Small Renovation
John
416-787-6551

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ
*ਵਧੀਆ ਘੰਟੇ
*15.50 ਡਾਲਰ ਪ੍ਰਤੀ ਘੰਟਾ ਰੇਟ
Locahon Kipling & Queensway (Etobicoke)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
416-816-1695

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal, Co-Host
Iqbal Mahal, Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਫੇਲ੍ਹ ਪਾਸ ਦੀ ਕਹਾਣੀ

-ਸੁਪਿੰਦਰ ਸਿੰਘ ਰਾਣਾ

ਗੱਲ 1986 ਦੀ ਹੈ, ਅੱਠਵੀਂ ਦੇ ਬੋਰਡ ਦੇ ਪੇਪਰ ਦੇ ਕੇ ਵਿਹਲੇ ਪਿੰਡ ਦੀਆਂ ਗਲੀਆਂ ਵਿੱਚ ਸਵੇਰੇ ਸ਼ਾਮ ਛਾਲਾਂ ਮਾਰਦੇ ਫਿਰਦੇ ਸਾਂ। ਨਾ ਪੜ੍ਹਾਈ ਦਾ ਫਿਕਰ, ਨਾ ਸਕੂਲ ਜਾਣ ਦਾ ਡਰ। ਇੱਕ ਦਿਨ ਧਰਮਸ਼ਾਲਾ ਕੋਲ ਸਾਡੀਆਂ ਸ਼ਰਾਰਤਾਂ ਤੋਂ ਤੰਗ ਆਏ ਅਧਖੜ੍ਹ ਜਿਹੀ ਉਮਰ ਦੇ ਸ਼ਖ਼ਸ ਨੇ ਕਿਹਾ, ''ਤੁਹਾਡਾ ਪਰਸੋਂ ਨੂੰ ਨਤੀਜਾ ਆਉਣ ਵਾਲਾ, ਲੱਗ ਜੂ ਪਤਾ ਬੱਚੂ ਤੁਹਾਡੀ ਔਕਾਤ ਦਾ। ਜੇ ਫੇਲ੍ਹ ਹੋ ਗਏ ਕਿਸੇ ਨੇ ਅੱਗੇ ਪੜ੍ਹਨ ਨਹੀਂ ਲਾਉਣਾ।'' ਪਿਤਾ ਜੀ ਨੇ ਤਾਂ ਪਹਿਲਾਂ ਹੀ ਕਿਹਾ ਹੋਇਆ ਸੀ ਕਿ ਜੇ ਫੇਲ੍ਹ ਹੋ ਗਏ ਤਾਂ ਅੱਗੇ ਪੜ੍ਹਨ ਬਾਰੇ ਨਾ ਸੋਚਣਾ।

ਅਸੀਂ ਪਿੰਡ ਦੇ ਅੱਠ ਜਣੇ ਜਮਾਤੀ ਸਾਂ। ਇਸ ਵਾਰ ਅਸੀਂ ਵੱਡੇ ਮੁੰਡਿਆਂ ਦੀ ਰੀਸੋ ਰੀਸ ਫ਼ਿਲਮਾਂ ਦੇਖਣ ਲੱਗ ਪਏ। ਇਹ ਲਤ ਲੱਗਣ ਕਾਰਨ ਪੜ੍ਹਾਈ ਵਿੱਚ ਧਿਆਨ ਘਟ ਗਿਆ। ਘਰੋਂ ਅਸੀਂ ਸਕੂਲ ਜਾਂਦੇ, ਪਰ ਉਥੇ ਪਹੁੰਚਣ ਦੀ ਥਾਂ ਝੋਲੇ ਚੁੱਕ ਕੇ ਸਿਨਮੇ ਜਾ ਵੜਦੇ। ਪਿਤਾ ਜੀ ਬੜੇ ਸਖ਼ਤ ਸੁਭਾਅ ਦੇ ਸਨ। ਫ਼ਿਲਮ ਦੇਖਣ ਵੇਲੇ ਤਾਂ ਮੈਨੂੰ ਉਨ੍ਹਾਂ ਦਾ ਡਰ ਮਹਿਸੂਸ ਨਾ ਹੋਇਆ, ਜਦੋਂ ਨਤੀਜਾ ਆਉਣ ਦਾ ਦਿਨ ਨੇੜੇ ਆਉਣ ਲੱਗ ਪਿਆ ਤਾਂ ਡਰ ਕਾਰਨ ਖਾਣਾ-ਪੀਣਾ ਘੱਟ ਗਿਆ। ਨਤੀਜੇ ਵਾਲੇ ਦਿਨ ਅਸੀਂ ਡਰਦੇ ਰੱਬ ਕਰਦੇ ਸਕੂਲ ਪਹੁੰਚੇ। ਬਲੈਕ ਬੋਰਡ 'ਤੇ ਆਪਣਾ ਰੋਲ ਨੰਬਰ ਅਤੇ ਨਾਂ ਦੇਖ ਕੇ ਮੈਂ ਛਾਲਾਂ ਚੁੱਕ ਲਈਆਂ, ''ਓ ਮੈਂ ਤਾਂ ਬਈ ਪਾਸ ਹੋ ਗਿਆ।'' ਪਾਸ ਕੀ, ਜਮਾਤ ਵਿੱਚੋਂ ਤੀਜੇ ਨੰਬਰ ਉੱਤੇ ਆਇਆ ਸੀ। ਸਾਡੇ ਨਾਲ ਦੇ ਕਈ ਜਣੇ ਪਾਸ ਹੋ ਗਏ ਪਰ ਦੋ ਦਾ ਰੋਲ ਨੰਬਰ ਬਲੈਕ ਬੋਰਡ ਉੱਤੇ ਨਾ ਹੋਣ ਕਰਕੇ ਅਸੀਂ ਮਾਸਟਰਾਂ ਤੋਂ ਉਨ੍ਹਾਂ ਬਾਰੇ ਪੁੱਛਣ ਲੱਗ ਪਏ। ਉਨ੍ਹਾਂ ਕਿਹਾ ਕਿ ਇੱਕ ਬਲੈਕ ਬੋਰਡ ਦੂਜੇ ਬੰਨੇ ਪਿਆ ਹੈ। ਜਦ ਅਸੀਂ ਉਧਰ ਗਏ ਤਾਂ ਉਤੇ ਲਿਖਿਆ ਹੋਇਆ ਸੀ। ਫੇਲ੍ਹ ਹੋਣ ਵਾਲਿਆਂ ਦੀ ਸੂਚੀ। ਉਸ ਵਿੱਚ ਸਭ ਤੋਂ ਉਤੇ ਸਾਡੇ ਦੋ ਸਾਥੀਆਂ ਰਾਮਸਰੂਪ ਉਰਫ਼ ਗੋਲੂ ਤੇ ਹਰੀਸ਼ ਦਾ ਨਾਮ ਲਿਖਿਆ ਹੋਇਆ ਸੀ। ਅਸੀਂ ਸਾਰੇ ਮਾਯੂਸ ਹੋ ਗਏ ਸਾਂ। ਸਾਨੂੰ ਆਪਣੇ ਪਾਸ ਹੋਣ ਦਾ ਚਾਅ ਨਾ ਰਿਹਾ। ਉਲਟਾ ਇਹ ਡਰ ਸਤਾਉਣ ਲੱਗਿਆ ਕਿ ਘਰ ਜਾ ਕੇ ਇਨ੍ਹਾਂ ਦੀ ਕੀ ਹਾਲ ਬਣੇਗਾ!

ਸਹਿਮਦੇ ਸਹਿਮਦੇ ਕੱਚੇ ਰਸਤੇ ਨੂੰ ਹੋ ਕੇ ਪਿੰਡ ਪਹੁੰਚ ਗਏ। ਮੈਂ ਜਦੋਂ ਘਰ ਪਹੁੰਚਿਆ ਤਾਂ ਮਾਂ ਨੇ ਪੁੱਛਿਆ, ''ਪੁੱਤ ਕੀ ਬਣਿਆ ਤੇਰੇ ਨਤੀਜੇ ਦਾ।'' ਮੈਂ ਕਿਹਾ ਕਿ ਜਮਾਤ ਵਿੱਚੋਂ ਤੀਜੇ ਨੰਬਰ ਉੱਤੇ ਆਇਆ ਹਾਂ। ਮਾਂ ਬਹੁਤ ਖੁਸ਼ ਹੋਈ ਅਤੇ ਉਸ ਨੇ ਮੈਨੂੰ ਘੁੱਟ ਕੇ ਸੀਨੇ ਲਾ ਲਿਆ। ਢੇਰ ਸਾਰੀਆਂ ਅਸੀਸਾਂ ਦਿੱਤੀਆਂ। ਫਿਰ ਮਾਂ ਨੇ ਬਾਕੀਆਂ ਬਾਰੇ ਪੁੱਛਿਆ। ਮੈਂ ਢਿੱਲਾ ਜਿਹਾ ਮੂੰਹ ਕਰਕੇ ਗੋਲੂ ਤੇ ਹਰੀਸ਼ ਬਾਰੇ ਦੱਸ ਦਿੱਤਾ।

ਸ਼ਾਮ ਨੂੰ ਅਸੀਂ ਗੋਲੂ ਤੇ ਹਰੀਸ਼ ਦੇ ਘਰ ਨਾ ਗਏ। ਸਾਨੂੰ ਡਰ ਸੀ ਕਿ ਉਨ੍ਹਾਂ ਦੇ ਮਾਪਿਆਂ ਨੇ ਕਹਿਣਾ ਹੈ ਕਿ ਤੁਸੀਂ ਆਪ ਪਾਸ ਹੋ ਗਏ, ਸਾਡੇ ਮੁੰਡੇ ਫੇਲ੍ਹ ਕਰਵਾ ਦਿੱਤੇ। ਦੋ ਤਿੰਨ ਦਿਨ ਉਦਾਸ ਜਿਹੇ ਘੁੰਮਦੇ ਰਹੇ। ਦੋਵਾਂ ਦੀ ਪੜ੍ਹਾਈ ਦਾ ਫਿਕਰ ਵੀ ਸੀ। ਉਨ੍ਹਾਂ ਦਿਨਾਂ ਵਿੱਚ ਹੀ ਅਸੀਂ ਪਿੰਡ ਛੱਡ ਕੇ ਸ਼ਹਿਰ ਆ ਗਏ ਅਤੇ ਹੌਲੀ ਹੌਲੀ ਇਨ੍ਹਾਂ ਸਾਥੀਆਂ ਨਾਲ ਮੇਲ-ਜੋਲ ਘਟ ਗਿਆ। ਕਿਰਾਏ ਦਾ ਘਰ ਅਤੇ ਅਤਿ ਦੀ ਗਰੀਬੀ ਹੋਣ ਕਾਰਨ ਗੋਲੂ ਦੇ ਪਰਵਾਰ ਵਾਲਿਆਂ ਨੇ ਉਸ ਨੂੰ ਦੁਬਾਰਾ ਬੜੀ ਮੁਸ਼ਕਿਲ ਨਾਲ ਪੜ੍ਹਨ ਪਾਇਆ ਸੀ। ਅਸੀਂ ਉਸ ਦੇ ਪਿਤਾ ਦੀ ਦੀਆਂ ਮਿੰਨਤਾਂ ਵੀ ਕੀਤੀਆਂ। ਖ਼ੈਰ! ਗੋਲੂ ਡਟ ਗਿਆ ਤੇ ਖ਼ੂਬ ਮਿਹਨਤ ਕਰਨ ਲੱਗ ਪਿਆ। ਸਾਡੇ ਉਤੇ ਵੀ ਅਸਰ ਪਿਆ। ਅਸੀਂ ਫ਼ਿਲਮਾਂ ਦੇਖਣੀਆਂ ਤੇ ਹੋਰ ਮਾੜੀਆਂ ਆਦਤਾਂ ਛੱਡ ਦਿੱਤੀਆਂ ਅਤੇ ਸਾਰਾ ਧਿਆਨ ਪੜ੍ਹਾਈ ਵਿੱਚ ਲਾ ਦਿੱਤਾ। ਵਕਤ ਬੀਤਿਆ ਅਤੇ ਪੜ੍ਹ ਲਿਖ ਕੇ ਸਾਰੇ ਆਪੋ-ਆਪਣੇ ਕਿੱਤਿਆਂ ਉੱਤੇ ਲੱਗ ਪਏ। ਗੋਲੂ ਸਿਰਫ਼ ਦਸਵੀਂ ਜਮਾਤ ਹੀ ਕਰ ਸਕਿਆ। ਉਹ ਘਰ ਦੀ ਗਰੀਬੀ ਕਾਰਨ ਫੈਕਟਰੀ ਵਿੱਚ ਲਗ ਗਿਆ। ਫਿਰ ਉਸ ਨੇ ਨੌਕਰੀ ਛੱਡ ਦਿੱਤੀ ਅਤੇ ਫੈਕਟਰੀ ਵਿੱਚ ਠੇਕੇਦਾਰ ਬਣ ਗਿਆ ਅਤੇ ਉਹ ਹੋਰਨਾਂ ਨੂੰ ਨੌਕਰੀ ਦੇਣ ਵਾਲਾ ਬਣ ਗਿਆ ਸੀ।

ਪਿਛਲੇ ਦਿਨੀਂ ਅਸੀਂ ਜਦੋਂ ਲਾਗਲੇ ਪਿੰਡ ਕਿਸੇ ਭੋਗ 'ਤੇ ਗਏ ਤਾਂ ਉਥੇ ਉਹ ਵੀ ਗਿਆ ਹੋਇਆ ਸੀ। ਭੋਗ ਮਗਰੋਂ ਪਿੰਡ ਦੇ ਨੌਜਵਾਨ ਉਸ ਨੂੰ ਆਪੋ-ਆਪਣੇ ਘਰ ਨੂੰ ਖਿੱਚ ਰਹੇ ਸਨ। ਅਸੀਂ ਤਿੰਨ ਚਾਰ ਜਣੇ ਉਸ ਨਾਲ ਦੋ ਤਿੰਨ ਨੌਜਵਾਨਾਂ ਦੇ ਘਰ ਗਏ ਜਿੱਥੇ ਨੌਜਵਾਨਾਂ ਨੇ ਸਾਡੀ ਖ਼ੂਬ ਆਓ ਭਗਤ ਕੀਤੀ। ਉਥੇ ਕਈਆਂ ਦੇ ਮਾਪੇ ਗੋਲੂ ਅੱਗੇ ਹੱਥ ਜੋੜਦੇ ਰਹੇ ਕਿ ਜੇ ਉਹ ਇਨ੍ਹਾਂ ਨੂੰ ਰੁਜ਼ਗਾਰ ਨਾ ਦਿੰਦਾ ਤਾਂ ਇਨ੍ਹਾਂ ਨੇ ਪਿੰਡ ਦੇ ਹੋਰ ਨੌਜਵਾਨਾਂ ਵਾਂਗ ਗਲਤ ਰਾਹ ਪੈ ਜਾਣਾ ਸੀ। ਅਸੀਸਾਂ ਦੀ ਝੜੀ ਲੱਗ ਰਹੀ ਸੀ- ਪੁੱਤ ਤੂੰ ਧਰ-ਧਰ ਭੁੱਲੇਂ..। ਕਈ ਘਰਾਂ ਵਿੱਚ ਜਾਣ ਮਗਰੋਂ ਜਦੋਂ ਅਸੀਂ ਕਾਰ ਵਿੱਚ ਬੈਠ ਕੇ ਆਪਣੀ ਮੰਜ਼ਿਲ ਵੱਲ ਜਾ ਰਹੇ ਸਾਂ ਤਾਂ ਮੈਂ ਉਤਸੁਕਤਾ ਵਸ ਪੁੱਛਿਆ, ''ਗੋਲੂ, ਤੂੰ ਇਨ੍ਹਾਂ ਨੂੰ ਨੌਕਰੀ ਦੇਣ ਵੇਲੇ ਕੀ ਦੇਖਦਾ ਏਂ?''

ਆਖਣ ਲੱਗਿਆ, ''ਭਾਈ ਮੈਂ ਜਦੋਂ ਇਨ੍ਹਾਂ ਦੀ ਇੰਟਰਵਿਊ ਲੈਂਦਾ ਹਾਂ ਤਾਂ ਇਹ ਦੇਖਦਾ ਹਾਂ ਕਿ ਕਿਹੜਾ ਨੌਜਵਾਨ ਨੌਕਰੀ ਲਈ ਵੱਧ ਲੋੜਵੰਦ ਹੈ। ਉਸੇ ਨੂੰ ਨੌਕਰੀ ਤੇ ਰੱਖ ਲਈਦਾ।'' ਫਿਰ ਬੋਲਿਆ, ''ਜਿਹੜਾ ਨੌਜਵਾਨ ਕਿਸੇ ਨਾ ਕਿਸੇ ਜਮਾਤ ਵਿੱਚ ਫੇਲ੍ਹ ਹੋਇਆ ਹੁੰਦਾ ਹੈ, ਉਸ ਨੂੰ ਨੌਕਰੀ ਜ਼ਰੂਰ ਦਿੰਦਾ ਹਾਂ। ਮੈਨੂੰ ਉਸ ਵਿੱਚੋਂ ਆਪਣਾ ਆਪ ਨਜ਼ਰ ਆਉਂਦਾ ਹੈ। ਕਈ ਨੌਜਵਾਨ ਮੇਰੇ ਕੋਲ ਕੰਮ ਕਰਦੇ ਪੜ੍ਹ ਕੇ ਡਿਗਰੀਆਂ ਕਰ ਗਏ ਅਤੇ ਅੱਜ ਵਧੀਆ ਨੌਕਰੀਆਂ ਕਰ ਰਹੇ ਹਨ।''

ਅਸੀਂ ਭਾਵੇਂ ਗੋਲੂ ਨਾਲੋਂ ਵਧੇਰੇ ਪੜ੍ਹ ਲਿਖ ਕੇ ਨੌਕਰੀਆਂ ਕਰ ਰਹੇ ਸਾਂ, ਮਾਪਿਆਂ ਦੇ ਬਣੇ ਘਰਾਂ ਵਿੱਚ ਰਹਿ ਰਹੇ ਸਾਂ ਤੇ ਆਪੋ-ਆਪਣੇ ਪਰਵਾਰ ਪਾਲ ਰਹੇ ਸਾਂ ਪਰ ਉਹ ਕਿੰਨੇ ਪਰਵਾਰਾਂ ਦੇ ਰੁਜ਼ਗਾਰ ਦਾ ਸਬਬ ਬਣਿਆ ਹੋਇਆ ਹੈ। ਉਸ ਨੇ ਪਿੰਡ ਨੇੜਲੇ ਸੈਕਟਰ ਵਿੱਚ ਆਪਣਾ ਘਰ ਵੀ ਖਰੀਦ ਲਿਆ ਹੋਇਆ ਹੈ। ਹਰ ਐਤਵਾਰ ਅਤੇ ਛੁੱਟੀ ਵਾਲੇ ਦਿਨ ਉਹ ਪਿੰਡ ਦੇ ਨੌਜਵਾਨਾਂ ਨੂੰ ਖੇਡਣ ਲਈ ਮੈਦਾਨ ਵਿੱਚ ਲੈ ਕੇ ਜਾਂਦਾ ਹੈ।.. ਉਹ ਸਹੀ ਅਰਥਾਂ ਵਿੱਚ ਪਾਸ ਹੋ ਨਿੱਬੜਿਆ ਹੈ।

# ਭਾਰਤ ਦੇ ਆਗੂਆਂ ਨੇ ਰਿਜ਼ਰਵੇਸ਼ਨ ਨੂੰ ਸਰਕਸ ਬਣਾ ਦਿੱਤੈ

-ਪੂਨਮ ਆਈ ਕੌਸ਼ਿਸ਼

ਕੋਟਾ ਅਤੇ ਕਤਾਰਾਂ ਭਾਰਤੀ ਸਿਆਸਤ ਲਈ ਹਮੇਸ਼ਾ ਸਰਾਪ ਰਹੀਆਂ ਹਨ। ਸਾਡੇ ਆਗੂ ਹਮੇਸ਼ਾ ਹਰਮਨ ਪਿਆਰੇ ਐਲਾਨੇ ਹੋਏ ਵੋਟ ਬੈਂਕ ਦੀ ਸਿਆਸਤ ਅਤੇ ਆਪਣੇ ਵੋਟਰਾਂ ਨੂੰ ਰਿਜ਼ਰਵੇਸ਼ਨ ਮੂੰਗਫਲੀ ਵਾਂਗ ਵੰਡਣ 'ਚ ਰੁੱਝੇ ਰਹੇ ਹਨ। ਇਸ ਕਾਰਨ 21ਵੀਂ ਸਦੀ ਦੇ ਭਾਰਤ 'ਚ ਰਿਜ਼ਰਵੇਸ਼ਨ ਵੋਟ ਲੈਣ ਦਾ ਸਾਧਨ ਬਣ ਗਿਆ ਹੈ, ਜਿਸ ਰਾਹੀਂ ਰਾਜ-ਗੱਦੀ ਹਾਸਲ ਕੀਤੀ ਜਾ ਸਕਦੀ ਹੈ।

ਹਰਿਆਣਾ ਵਿੱਚ ਭਾਜਪਾ ਸਰਕਾਰ ਨੇ ਬੀਤੇ ਸ਼ੁੱਕਰਵਾਰ ਹਰਿਆਣਾ ਰਾਜ ਸਥਾਨਕ ਉਮੀਦਵਾਰਾਂ ਲਈ ਨਿਯੋਜਨ ਬਿੱਲ ਪਾਸ ਕੀਤਾ, ਜਿਸ ਵਿੱਚ 50 ਹਜ਼ਾਰ ਰੁਪਏ ਮਹੀਨਾ ਤੋਂ ਘੱਟ ਤਨਖ਼ਾਹ ਵਾਲੇ ਅਹੁਦਿਆਂ ਉੱਤੇ ਨਿੱਜੀ ਖੇਤਰ 'ਚ ਸਥਾਨਕ ਉਮੀਦਵਾਰਾਂ ਨੂੰ 75 ਫੀਸਦੀ ਰਿਜ਼ਰਵੇਸ਼ਨ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਇਹ ਵਿਵਸਥਾ ਸੰਵਿਧਾਨ ਦੇ ਆਰਟੀਕਲ 14 ਅਤੇ 19 ਭਾਵ ਕਾਨੂੰਨ ਦੇ ਸਾਹਮਣੇ ਬਰਾਬਰੀ ਅਤੇ ਭਾਰਤ ਵਿੱਚ ਕਿਤੇ ਵੀ, ਕਿਸੇ ਵੀ ਕਾਰੋਬਾਰ ਨੂੰ ਕਰ ਸਕਣ ਦੇ ਅਧਿਕਾਰ ਦੀ ਉਲੰਘਣਾ ਕਰਦੀ ਹੈ। ਇਸ ਨੂੰ ਅਜੇ ਰਾਸ਼ਟਰਪਤੀ ਦੀ ਪ੍ਰਵਾਨਗੀ ਮਿਲਣੀ ਬਾਕੀ ਹੈ। ਇਸ ਤੋਂ ਪ੍ਰੇਰਣਾ ਲੈਂਦੇ ਹੋਏ ਕਰਨਾਟਕ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸੂਬੇ ਸਰਕਾਰੀ ਅਤੇ ਨਿੱਜੀ ਖੇਤਰ ਵਿੱਚ 'ਜੀ' ਅਤੇ 'ਐਚ' ਕੈਟੇਗਰੀ ਦੇ ਕੰਨੜ ਲੋਕਾਂ ਲਈ ਰਾਖਵੀਂ ਰੱਖੀ ਜਾਵੇਗੀ। ਕੰਨੜ ਪੱਖੀ ਗਰੁੱਪਾਂ ਦੀ ਇਹ ਲੰਬੇ ਸਮੇਂ ਤੋਂ ਪੈਂਡਿੰਗ ਮੰਗ ਸੀ। ਉਂਝ ਇਸ 'ਚ ਵੀ ਕਾਨੂੰਨੀ ਰੁਕਾਵਟਾਂ ਆ ਸਕਦੀਆਂ ਹਨ। ਇਹ ਸਭ ਕੁਝ ਓਦੋਂ ਕੀਤਾ ਜਾ ਰਿਹਾ ਹੈ, ਜਦੋਂ ਸੁਪਰੀਮ ਕੋਰਟ ਨੇ 2018 'ਚ ਮਹਾਰਾਸ਼ਟਰ ਦੇ ਉਸ ਕਾਨੂੰਨ 'ਤੇ ਸਟੇਅ ਆਰਡਰ ਦੇ ਦਿੱਤਾ ਸੀ ਜਿਸ 'ਚ ਮਰਾਠਿਆਂ ਨੂੰ ਸਿੱਖਿਆ 'ਚ 13 ਫੀਸਦੀ ਅਤੇ ਰੋਜ਼ਗਾਰ 'ਚ 12 ਫੀਸਦੀ ਰਿਜ਼ਰਵੇਸ਼ਨ ਦੇਣ ਦੀ ਵਿਵਸਥਾ ਕੀਤੀ ਸੀ। ਜਿਹੜੇ ਲੋਕ ਇਸ ਕਾਨੂੰਨ ਅਧੀਨ ਲਾਭ ਲੈ ਚੁੱਕੇ ਹਨ, ਉਨ੍ਹਾਂ ਨੂੰ ਇਸ ਤੋਂ ਵਾਂਝਿਆ ਨਹੀਂ ਕੀਤਾ ਜਾਵੇਗਾ।

ਅਦਾਲਤ ਨੇ ਕਿਹਾ ਕਿ ਰਿਜ਼ਰਵੇਸ਼ਨ ਮੂਲ ਅਧਿਕਾਰ ਨਹੀਂ ਹੈ। ਕੋਈ ਵੀ ਸਰਕਾਰ ਕੰਪਨੀਆਂ ਨੂੰ ਕਾਮੇ ਨਿਯੁਕਤ ਕਰਨ ਲਈ ਮਜ਼ਬੂਰ ਨਹੀਂ ਕਰ ਸਕਦੀ, ਇਸ ਲਈ ਉਦਯੋਗ ਜਗਤ ਵੀ ਨਾਰਾਜ਼ ਹੈ। ਇਸ ਬਿੱਲ ਦੇ ਤਿੰਨ ਖ਼ਤਰੇ ਹਨ। ਪਹਿਲਾ ਇਹ ਕਿ ਇਸ ਕਾਰਨ ਸੂਬੇ ਨਾ ਸਿਰਫ ਮੁਕਾਬਲੇਬਾਜ਼ੀ ਤੋਂ ਬਾਹਰ ਹੋ ਜਾਣਗੇ, ਸਗੋਂ ਕੋਈ ਕੰਪਨੀ ਉਥੇ ਨਿਵੇਸ਼ ਨਹੀਂ ਕਰਨਾ ਚਾਹੇਗੀ। ਦੂਜਾ ਇਹ ਕਿ ਕੰਮ ਨਾ ਕਰਨ ਦੀ ਭਾਵਨਾ, ਅਕੁਸ਼ਲਤਾ ਅਤੇ ਅਸਮਰੱਥਾ ਵਧ ਸਕਦੀ ਹੈ। ਵਧੀਆ ਪੈਮਾਨਿਆਂ ਨਾਲ ਸਮਝੌਤਾ ਕੀਤਾ ਜਾ ਸਕਦਾ ਹੈ। ਇਸ ਕਾਰਨ ਐੱਨ ਡੀ ਏ ਗੱਠਜੋੜ ਵੱਲੋਂ ਬ੍ਰਾਂਡ ਇੰਡੀਆ ਨੂੰ ਭਾਰਤ ਦੀ ਆਰਥਿਕ ਨੀਤੀ ਦਾ ਸਾਧਨ ਬਣਾਉਣ ਦੇ ਯਤਨਾਂ 'ਚ ਰੁਕਾਵਟ ਪੈ ਸਕਦੀ ਹੈ ਕਿਉਂਕਿ ਬ੍ਰਾਂਡ ਇੰਡੀਆ ਨੂੰ ਚਮਕਾਉਣ 'ਚ ਦਿਮਾਗ, ਹੁਨਰ, ਯੋਗਤਾ, ਮੁਹਾਰਤ ਅਤੇ ਸਿੱਖਿਆ ਤੇ ਹੁਨਰ ਜਨ-ਸ਼ਕਤੀ ਦੀ ਪ੍ਰਮੁੱਖ ਭੂਮਿਕਾ ਹੈ। ਤੀਜਾ, ਲੰਬੇ ਸਮੇਂ ਲਈ ਇਸ ਨਾਲ ਸਮਝੌਤਾ ਹੋਵੇਗਾ ਪਰ ਇਸ ਫੈਸਲੇ ਦੇ ਬਾਵਜੂਦ ਸਥਾਨਕ ਲੋਕਾਂ ਨੂੰ ਰੋਜ਼ਗਾਰ ਦੇਣ ਦਾ ਨਿਸ਼ਾਨਾ ਲੋੜੀਂਦਾ ਅਤੇ ਸ਼ਲਾਘਾਯੋਗ ਹੈ। ਇਹ ਸਵੈ-ਇੱਛਾ ਨਾਲ ਰਿਜ਼ਰਵੇਸ਼ਨ ਲਾਗੂ ਕਰਨ ਜਾਂ ਔਸਤ ਦਰਜੇ ਨੂੰ ਹੱਲਾਸ਼ੇਰੀ ਦੇਣ ਦੀ ਕੀਮਤ 'ਤੇ ਨਹੀਂ ਕੀਤਾ ਜਾਣਾ ਚਾਹੀਦਾ। ਕੀ ਇਹ ਠੀਕ ਹੈ ਕਿ ਕਿਸੇ ਯੋਗ ਵਿਅਕਤੀ ਨੂੰ ਸਿਰਫ ਇਸ ਆਧਾਰ 'ਤੇ ਰੋਜ਼ਗਾਰ ਤੋਂ ਵਾਂਝਿਆ ਕੀਤਾ ਜਾਵੇ ਕਿ ਉਹ ਉਸ ਸੂਬੇ ਦਾ ਵਾਸੀ ਨਹੀਂ। ਸਵਾਲ ਇਹ ਵੀ ਉਠਦਾ ਹੈ ਕਿ ਹਰਿਆਣਵੀ ਨਾਗਰਿਕ ਨੂੰ ਹੋਰ ਕਿਹੜੇ ਸੂਬੇ ਰੋਜ਼ਗਾਰ ਦੇਣਗੇ? ਉਹ ਕਿਥੇ ਜਾਣਗੇ? ਲੋਕਰਾਜ 'ਚ ਕੋਈ ਸਰਕਾਰ ਕੰਪਨੀਆਂ ਨੂੰ ਲੋਕਾਂ ਨੂੰ ਨਿਯੁਕਤ ਕਰਨ ਲਈ ਮਜ਼ਬੂਰ ਨਹੀਂ ਕਰ ਸਕਦੀ।

ਮੱਧ ਪ੍ਰਦੇਸ਼ ਨੇ ਪਿੱਛੇ ਜਿਹੇ ਐਲਾਨ ਕੀਤਾ ਹੈ ਕਿ ਸੂਬੇ 'ਚ ਸਭ ਸਰਕਾਰੀ ਅਹੁਦੇ ਉਨ੍ਹਾਂ ਲੋਕਾਂ ਲਈ ਰਾਖਵੇਂ ਰੱਖੇ ਜਾਣਗੇ, ਜਿਨ੍ਹਾਂ ਦਾ ਜਨਮ ਮੱਧ ਪ੍ਰਦੇਸ਼ ਵਿੱਚ ਹੋਇਆ ਸੀ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਬਹੁਜਨ ਸਮਾਜ ਪਾਰਟੀ ਦੀ ਮਾਇਆਵਤੀ ਵੱਲੋਂ ਦਲਿਤ ਤੇ ਹੋਰਨਾਂ ਪੱਛੜੇ ਵਰਗਾਂ ਨੂੰ ਨਿੱਜੀ ਖੇਤਰ 'ਚ ਰਿਜ਼ਰਵੇਸ਼ਨ ਦੇਣ ਦੀ ਮੰਗ ਕੀਤੀ ਜਾ ਰਹੀ ਹੈ। ਆਂਧਰਾ ਪ੍ਰਦੇਸ਼, ਤੇਲੰਗਾਨਾ ਅਤੇ ਕੁਝ ਹੋਰ ਸੂਬੇ ਵੀ ਰਿਜ਼ਰਵੇਸ਼ਨ ਦੇ ਮਾਮਲੇ 'ਚ ਇਨ੍ਹਾਂ ਸੂਬਿਆਂ ਤੋਂ ਪਿੱਛੇ ਨਹੀਂ। ਪਿਛਲੇ ਸਾਲ ਰਾਜਸਥਾਨ ਦੀ ਗਹਿਲੋਤ ਸਰਕਾਰ ਨੇ ਗੁੱਜਰ, ਬੰਜਾਰਾ, ਗੜੀਆ ਲੋਹਾਰ, ਰਾਇਕਾ ਅਤੇ ਗਡਰੀਆ ਭਾਈਚਾਰਿਆਂ ਵੱਲੋਂ ਰੋਜ਼ਗਾਰ ਅਤੇ ਵਿੱਦਿਅਕ ਅਦਾਰਿਆਂ 'ਚ 5 ਫੀਸਦੀ ਦੀ ਮੰਗ ਨੂੰ ਸਵੀਕਾਰ ਕੀਤਾ ਸੀ। ਇਹ 5 ਫੀਸਦੀ ਰਿਜ਼ਰਵੇਸ਼ਨ ਹੋਰਨਾਂ ਪੱਛੜੇ ਵਰਗਾਂ ਦੀ 21 ਫੀਸਦੀ ਰਿਜ਼ਰਵੇਸ਼ਨ ਤੋਂ ਵੱਖ ਹਨ। ਇਸ ਤਰ੍ਹਾਂ ਉਨ੍ਹਾਂ ਲਈ ਇਹ ਰਿਜ਼ਰਵੇਸ਼ਨ 26 ਫੀਸਦੀ ਹੋ ਗਈ ਹੈ।

ਜੰਮੂ-ਕਸ਼ਮੀਰ ਕੇਂਦਰੀ ਸ਼ਾਸਿਤ ਰਾਜ ਨੇ ਉਨ੍ਹਾਂ ਪਹਾੜੀ ਲੋਕਾਂ ਲਈ ਰਿਜ਼ਰਵੇਸ਼ਨ ਦੀ ਵਿਵਸਥਾ ਕੀਤੀ ਹੈ ਜਿਨ੍ਹਾਂ ਦੀ ਆਬਾਦੀ ਸੂਬੇ 'ਚ 20 ਫੀਸਦੀ ਹੈ ਅਤੇ ਜਿਹੜੇ ਜੰਮੂ 'ਚ ਪੁੰਛ ਅਤੇ ਰਾਜੌਰੀ ਜ਼ਿਲ੍ਹਿਆਂ ਅਤੇ ਕਸ਼ਮੀਰ 'ਚ ਬਾਰਾਮੂਲਾ ਅਤੇ ਕੁਪਵਾੜਾ ਜ਼ਿਲ੍ਹਿਆਂ ਨਾਲ ਸਬੰਧਤ ਹਨ। ਉਂਜ ਭਾਰਤ 'ਚ ਸਿਰਫ ਇੱਕ ਸੂਬਾ ਅਜਿਹਾ ਹੈ, ਜਿਸ ਨੇ 50 ਫੀਸਦੀ ਰਿਜ਼ਰਵੇਸ਼ਨ ਦੀ ਹੱਦ ਤੋਂ ਵੱਧ ਰਿਜ਼ਰਵੇਸ਼ਨ ਦੇਣ ਨੂੰ ਕਾਨੂੰਨੀ ਸਰਪ੍ਰਸਤੀ ਦਿੱਤੀ ਹੈ। ਸੂਬੇ 'ਚ 69 ਫੀਸਦੀ ਰਿਜ਼ਰਵੇਸ਼ਨ ਹੈ ਅਤੇ ਇਸ ਨੂੰ ਸੰਵਿਧਾਨ ਦੀ 9ਵੀਂ ਅਨੁਸੂਚੀ 'ਚ ਪਾਇਆ ਗਿਆ ਹੈ। ਇਸ ਕਾਰਨ ਇਸ ਨੂੰ ਜੁਡੀਸ਼ੀਅਲ ਸਮੀਖਿਆ ਰਾਹੀਂ ਸਰਪ੍ਰਸਤੀ ਮਿਲੀ ਹੋਈ ਹੈ। ਤ੍ਰਾਸਦੀ ਇਹ ਹੈ ਕਿ 1989 'ਚ ਸਾਡੇ ਆਗੂਆਂ ਵੱਲੋਂ ਜੋ ਮੰਡਲ ਦਾ ਜਿੰਨ ਛੱਡਿਆ ਗਿਆ ਸੀ, ਉਹ ਹੀ ਉਨ੍ਹਾਂ ਨੂੰ ਸਤਾਉਣ ਲੱਗ ਪਿਆ ਹੈ। ਉਨ੍ਹਾਂ ਨੇ ਰਿਜ਼ਰਵੇਸ਼ਨ ਨੂੰ ਸਰਕਸ ਬਣਾ ਦਿੱਤਾ ਹੈ। ਹਾਲੇ ਤੱਕ ਇਸ ਬਾਰੇ ਕੋਈ ਅਧਿਐਨ ਨਹੀਂ ਕੀਤਾ ਗਿਆ ਕਿ ਇਸ ਰਿਜ਼ਰਵੇਸ਼ਨ ਨੂੰ ਲਾਗੂ ਕਰਨ ਪਿੱਛੋਂ ਕੀ ਜਿਨ੍ਹਾਂ ਲੋਕਾਂ ਨੂੰ ਇਹ ਰਿਜ਼ਰਵੇਸ਼ਨ ਦਿੱਤੀ ਗਈ ਹੈ, ਉਹ ਮੁੱਖ ਧਾਰਾ 'ਚ ਆਏ ਹਨ? ਨਾ ਤਾਂ ਉਨ੍ਹਾਂ ਲਈ ਕੋਈ ਕਲਿਆਣ ਪ੍ਰੋਗਰਾਮ ਹੈ ਅਤੇ ਨਾ ਹੀ ਗੁਣਵੱਤਾ ਭਰੀ ਸਿੱਖਿਆ ਦੀ ਵਿਵਸਥਾ ਹੈ।


ਰਿਜ਼ਰਵੇਸ਼ਨ ਗਰੀਬੀ ਦੂਰ ਕਰਨ ਦਾ ਇੱਕੋ-ਇੱਕ ਉਪਾਅ ਨਹੀਂ। ਇਹ ਕਹਿਣਾ ਢੁੱਕਵਾਂ ਨਹੀਂ ਹੋਵੇਗਾ ਕਿ ਇਸ ਕਾਰਨ ਦਲਿਤ ਅਤੇ ਵਾਂਝੇ ਵਰਗਾਂ ਦਾ ਭਲਾ ਹੁੰਦਾ ਹੈ। ਸਾਡੇ ਆਗੂਆਂ ਨੂੰ ਇਹ ਗੱਲ ਯਾਦ ਰੱਖਣੀ ਹੋਵੇਗੀ ਕਿ ਰਿਜ਼ਰਵੇਸ਼ਨ ਦੀ ਵਿਵਸਥਾ ਖਾਸ ਹਾਲਾਤ 'ਚ ਕੀਤੀ ਗਈ ਸੀ। ਇਸ ਬਾਰੇ ਕਈ ਕਾਨੂੰਨੀ ਉਦਾਹਰਣਾਂ ਹਨ। ਸੁਪਰੀਮ ਕੋਰਟ ਦੇ 1992 ਦੇ ਫੈਸਲੇ 'ਚ ਰਿਜ਼ਰਵੇਸ਼ਨ ਦੀ ਹੱਦ 50 ਫੀਸਦੀ ਤੱਕ ਨਿਰਧਾਰਿਤ ਕੀਤੀ ਗਈ ਸੀ। ਇਸ ਹੱਦ ਨੂੰ ਸਿਰਫ ਅਸਾਧਾਰਨ ਅਤੇ ਖਾਸ ਹਾਲਾਤ 'ਚ ਹੀ ਬਦਲਿਆ ਜਾ ਸਕਦਾ ਹੈ। ਨਾਲ ਹੀ ਲੋਕਰਾਜ 'ਚ ਦੋਹਰੇ ਪੈਮਾਨਿਆਂ ਜਾਂ ਹੋਰ ਲੋਕਾਂ ਕੋਲੋਂ ਵਧੇਰੇ ਸਤਿਕਾਰ ਦੀ ਔਰਵੇਲੀਅਨ ਧਾਰਨਾ ਲਈ ਕੋਈ ਥਾਂ ਨਹੀਂ।

ਸੰਵਿਧਾਨ 'ਚ ਮੂਲ ਅਧਿਕਾਰਾਂ 'ਚ ਜਾਤੀ, ਪੰਥ, ਲਿੰਗ ਆਦਿ ਨੂੰ ਧਿਆਨ 'ਚ ਰੱਖੇ ਬਿਨਾਂ ਸਭ ਨੂੰ ਬਰਾਬਰੀ ਦਾ ਮੌਕਾ ਦਿੱਤਾ ਗਿਆ ਹੈ। ਸਾਨੂੰ ਇਸ ਤੱਥ ਨੂੰ ਭੁੱਲਣਾ ਨਹੀਂ ਚਾਹੀਦਾ। ਕੋਈ ਵੀ ਸਰਕਾਰ ਮਨੁੱਖੀ ਵਿਕਾਸ 'ਤੇ ਰੋਕ ਨਹੀਂ ਲਾ ਸਕਦੀ, ਪਰ ਮੰਦੇ ਭਾਗੀਂ ਅਸਲੀਅਤ ਤੇ ਕਥਿਤ ਸਮਾਜ ਸ਼ਾਸਤਰ 'ਚ ਬਰਾਬਰੀ ਦੇਖਣ ਨੂੰ ਨਹੀਂ ਮਿਲਦੀ। ਰਿਜ਼ਰਵੇਸ਼ਨ ਗਰੀਬੀ ਰੋਕਣ ਦਾ ਇੱਕੋ-ਇੱਕ ਉਪਾਅ ਨਹੀਂ। ਨਾ ਇਹ ਪੇਂਡੂ ਸਮਾਜ 'ਚ ਤਬਦੀਲੀ ਲਿਆਏਗਾ ਕਿਉਂਕਿ ਪੇਂਡੂ ਖੇਤਰਾਂ 'ਚ ਸਮਾਜਿਕ ਢਾਂਚਾ ਅਨਪੜ੍ਹਤਾ ਅਤੇ ਅਗਿਆਨਤਾ 'ਤੇ ਆਧਾਰਿਤ ਹੈ। ਉਥੇ ਜਾਤੀ ਪ੍ਰਥਾ ਕੁੱਟ-ਕੁੱਟ ਕੇ ਭਰੀ ਹੋਈ ਹੈ। ਇਸ ਗੱਲ ਦੀ ਕੋਈ ਗਾਰੰਟੀ ਨਹੀਂ ਕਿ ਸਥਾਨਕ ਕਿਸੇ ਜਾਤੀ ਦੇ ਮੈਂਬਰਾਂ ਨੂੰ ਸਰਕਾਰੀ ਜਾਂ ਨਿੱਜੀ ਖੇਤਰ 'ਚ ਰੋਜ਼ਗਾਰ ਮਿਲੇਗਾ ਜਾਂ ਪਾਰਲੀਮੈਂਟ ਜਾਂ ਸੂਬਾਈ ਵਿਧਾਨ ਸਭਾ 'ਚ ਸੀਟ ਮਿਲੇਗੀ। ਉਸ ਪੱਖੋਂ ਸੰਪੂਰਨ ਸਮਾਜਿਕ ਅੰਦੋਲਨ ਬੇਤੁੱਕੇ ਬਣ ਜਾਵੇਗਾ। ਸਮਾਂ ਆ ਗਿਆ ਹੈ ਕਿ ਸਾਡਾ ਦੇਸ਼ ਸੰਪੂਰਨ ਰਿਜ਼ਰਵੇਸ਼ਨ ਪ੍ਰਣਾਲੀ 'ਤੇ ਮੁੜ ਵਿਚਾਰ ਕਰੇ ਤੇ ਰਿਜ਼ਰਵੇਸ਼ਨ ਨੂੰ ਮਨਮਰਜ਼ੀ ਵਾਲੇ ਢੰਗ ਨਾਲ ਲਾਗੂ ਕਰਨ 'ਤੇ ਰੋਕ ਲਾਏ। ਭਾਰਤ ਦੀ ਨੌਜਵਾਨ ਪੀੜ੍ਹੀ ਇਸ ਗੱਲ ਨੂੰ ਪ੍ਰਵਾਨ ਨਹੀਂ ਕਰੇਗੀ ਕਿ ਗਿਣਤੀ ਦੇ ਆਧਾਰ 'ਤੇ ਸੱਤਾ 'ਚ ਵਿਸ਼ੇਸ਼ ਅਧਿਕਾਰਾਂ ਨੂੰ ਚੋਣ ਮੁਕਾਬਲੇਬਾਜ਼ੀ 'ਚ ਤਬਦੀਲ ਕੀਤਾ ਜਾਵੇ, ਨਹੀਂ ਤਾਂ ਸਾਨੂੰ ਇੱਕ ਔਰਤ ਦਰਜੇ ਦਾ ਰਾਸ਼ਟਰ ਬਣਨ ਲਈ ਤਿਆਰ ਰਹਿਣਾ ਚਾਹੀਦਾ ਹੈ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਨ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ

ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224


# ਰੋਂਦੀਆਂ ਰੁੱਤਾਂ ਵਾਲੇ

-ਕੁਲਦੀਪ ਸਿੰਘ ਧਨੌਲਾ

ਉਹਦਾ ਨਾਂਅ ਤਾਂ ਅਜੈਬ ਸਿੰਘ ਸੀ, ਪਰ ਸਾਰੇ ਉਹਨੂੰ ਜੈਬਾ ਕਹਿ ਕੇ ਬੁਲਾਉਂਦੇ ਸਨ। ਉਹਦਾ ਕੱਦ ਮੱਧਰਾ ਸੀ ਤੇ ਖੱਬੀ ਪੱਗ ਬੰਨ੍ਹਦਾ ਸੀ। ਗਾਲੜੀ ਹੋਣ ਕਾਰਨ ਉਹ ਸਾਰਿਆਂ ਨਾਲ ਬੜੀ ਛੇਤੀ ਘੁਲਮਿਲ ਗਿਆ। ਥੋੜ੍ਹੀ ਦੇਰ ਪਿੱਛੋਂ ਇਉਂ ਲੱਗਣ ਲੱਗਿਆ ਜਿਵੇਂ ਉਹ ਮੁੱਢ ਤੋਂ ਹੀ ਸਾਡੇ ਨਾਲ ਪੜ੍ਹਦਾ ਆਇਆ ਹੋਵੇ।

ਗੱਲ ਕਈ ਦਹਾਕੇ ਪੁਰਾਣੀ ਹੈ, ਜਦੋਂ ਅਸੀਂ ਪ੍ਰਾਇਮਰੀ ਸਕੂਲ ਤੋਂ ਬਾਅਦ ਵੱਡੇ ਸਕੂਲ (ਛੇਵੀਂ ਤੋਂ ਦਸਵੀਂ ਵਾਲੇ) ਵਿੱਚ ਦਾਖਲ ਹੋਏ ਸੀ। ਪਿੰਡ ਵੱਡਾ ਹੋਣ ਕਰ ਕੇ ਪ੍ਰਾਇਮਰੀ ਸਕੂਲ ਕਈ ਸਨ, ਜਿਹੜੇ ਸਰਕਾਰੀ ਇਮਾਰਤਾਂ ਵਾਲੇ ਘੱਟ, ਪਰ ਹਰ ਅਗਵਾੜ (ਪੱਤੀ), ਮੁਹੱਲੇ ਦੀਆਂ ਧਰਮਸ਼ਾਲਾਵਾਂ (ਥਾਈਆਂ) ਵਿੱਚ ਜ਼ਿਆਦਾ ਸਨ, ਪਰ ਪੰਜਵੀਂ ਤੋਂ ਬਾਅਦ ਵੱਡਾ ਸਕੂਲ ਇੱਕੋ ਸੀ। ਇਹ ਉਸ ਸਮੇਂ ਪਿੰਡੋਂ ਬਾਹਰਵਾਰ ਹੁੰਦਾ ਸੀ, ਅੱਜਕੱਲ੍ਹ ਆਬਾਦੀ ਵਧਣ ਕਾਰਨ ਇਹ ਪਿੰਡ ਦੇ ਅੰਦਰ ਸਮਾ ਗਿਆ ਹੈ। ਲੜਕੀਆਂ ਵਾਲਾ ਸਕੂਲ ਬਾਜ਼ਾਰ ਵਿੱਚ ਸੀ। ਲੜਕੇ-ਲੜਕੀਆਂ ਲਈ ਅਲੱਗ ਸਕੂਲ ਰਿਆਸਤਾਂ ਵੇਲੇ ਨੌਂ ਮਾਰਚ 1936 ਨੂੰ ਗ੍ਰਹਿ ਮੰਤਰੀ ਰਾਜਾ ਗਿਆਨ ਨਾਥ ਨੇ ਬਣਵਾਏ ਸਨ। ਉਦੋਂ ਕੂ ਸਰਕਾਰੀ ਹਸਪਤਾਲ ਅਤੇ ਵੈਟਰਨਰੀ ਹਸਪਤਾਲ ਵੀ ਖੁੱਲ੍ਹੇ ਸਨ। ਲੋਕਾਂ ਨੂੰ ਇਹ ਕਹਿੰਦਿਆਂ ਆਮ ਸੁਣੀਂਦਾ ਸੀ ਕਿ ਅੰਗਰੇਜ਼ 100 ਸਾਲ ਅੱਗੇ ਦੀ ਸੋਚਦੇ ਸਨ, ਇਨ੍ਹਾਂ ਇਮਾਰਤਾਂ ਨੂੰ ਦੇਖ ਕੇ ਇਹ ਗੱਲ ਸੱਚ ਜਾਪਦੀ ਸੀ। ਕੀ ਮਜਾਲ ਕਿ ਮੀਂਹ ਦਾ ਪਾਣੀ ਇਨ੍ਹਾਂ ਅੰਦਰ ਵੜ ਜਾਵੇ, ਜ਼ਮੀਨ ਤੋਂ ਚਾਰ-ਪੰਜ ਫੁੱਟ ਉਚੀਆਂ ਪੌੜੀਆਂ ਬਣਾਈਆਂ ਹੋਈਆਂ ਸਨ।

ਛੇਵੀਂ ਵੇਲੇ ਇਸ ਵੱਡੇ ਸਕੂਲ ਵਿੱਚ ਸਾਡੇ ਪਿੰਡ ਤੋਂ ਇਲਾਵਾ ਆਲੇ-ਦੁਆਲੇ ਦੇ ਪਿੰਡਾਂ ਦਾਨਗੜ੍ਹ, ਉਪਲੀ, ਕੱਟੂ, ਭੱਠਲਾਂ, ਕਾਲੇਕੇ, ਭੈਣੀ ਜੱਸਾ, ਕਾਹਨੇ-ਕੇ, ਅਤਰ ਸਿੰਘ ਵਾਲਾ ਦੇ ਬੱਚੇ ਵੀ ਪੜ੍ਹਨ ਆਉਂਦੇ ਸਨ। ਕੱਚੇ ਪਹੇ ਹੋਣ ਕਾਰਨ ਭੱਠਲਾਂ, ਬੈਣੀ ਜੱਸਾ ਅਤੇ ਕਾਹਨੇ-ਕੇ ਵਾਲੇ ਸਾਈਕਲਾਂ ਉਤੇ ਸੂਏ ਦੀ ਪਟੜੀ ਆਉਂਦੇ-ਜਾਂਦੇ ਸਨ। ਉਸ ਸਮੇਂ ਸੂਏ ਦੀ ਪਟੜੀ ਜੀ ਟੀ ਰੋਡ ਵਰਗੀ ਹੁੰਦੀ ਸੀ। ਅੱਜਕੱਲ੍ਹ ਸੂਏ, ਕੱਸੀਆਂ ਦੀਆਂ ਪਟੜੀਆਂ ਪੈਦਲ ਚੱਲਣ ਯੋਗ ਵੀ ਨਹੀਂ ਰਹੀਆਂ, ਉਦੋਂ ਇਨ੍ਹਾਂ ਦੀ ਬੜੀ ਸਾਂਭ-ਸੰਭਾਲ ਹੁੰਦੀ ਸੀ। ਅਜੈਬ ਸਿੰਘ ਸਾਡੇ ਨਾਲ ਛੇਵੀਂ ਜਮਾਤ ਵਿੱਚ ਪੜ੍ਹਨ ਲੱਗਿਆ ਸੀ। ਉਹਦਾ ਪਿੰਡੇ ਮਾਨਸਾ ਵੱਲ ਸੀ ਅਤੇ ਸਾਡੇ ਪਿੰਡ ਉਹਦੀ ਭੂਆ ਸੀ। ਦਸਵੀਂ ਤੱਕ ਉਹ ਸਾਡੇ ਨਾਲ ਪੜ੍ਹਿਆ ਸੀ। ਉਸ ਤੋਂ ਬਾਅਦ ਪੰਛੀਆਂ ਦੇ ਬੋਟਾਂ ਦੇ ਆਲ੍ਹਣੇ ਵਿੱਚੋਂ ਉਡਣ ਵਾਂਗ ਸਾਡੇ ਸਾਰਿਆਂ ਦੇ ਰਾਹ ਵੱਖ-ਵੱਖ ਹੋ ਗਏ। ਇੱਕ ਦੂਜੇ ਨੂੰ ਭੁੱਲ-ਭੁਲਾ ਵੀ ਗਏ। ਉਦੋਂ ਕਿਹੜਾ ਅੱਜਕੱਲ੍ਹ ਵਾਂਗ ਫੋਨ ਜਾਂ ਫੇਸਬੁੱਕ ਵਾਲੀਆਂ ਸੰਪਰਕ-ਸਹੂਲਤਾਂ ਹੁੰਦੀਆਂ ਸਨ।

ਇੱਕ ਦਿਨ ਅਖਬਾਰ ਵਿੱਚ ਛਪਿਆ ਮੇਰਾ ਫੀਚਰ ਪੜ੍ਹ ਕੇ ਅਜੈਬ ਸਿੰਘ ਦਾ ਟੈਲੀਫੋਨ ਆਇਆ। ਉਹ ਇੰਨੇ ਚਿਰ ਬਾਅਦ ਪ੍ਰਗਟ ਹੋ ਗਿਆ ਸੀ, ਖੁਸ਼ੀ ਵੀ ਹੋਈ, ਹੈਰਾਨੀ ਵੀ। ਗੱਲਾਂਬਾਤਾਂ ਦੌਰਾਨ ਪਤਾ ਲੱਗਾ ਕਿ ਪੰਜਾਬ ਵਿੱਚ ਖਾੜਕੂਵਾਦ ਦੇ ਦੌਰ ਵਿੱਚ ਉਹ ਮਸਤੂਆਣੇ ਕਾਲਜ ਵਿੱਚ ਪੜ੍ਹਦਾ ਸੀ। ਉਹਦਾ ਅਜਿਹੀ ਕਿਸੇ ਜਥੇਬੰਦੀ ਨਾਲ ਕੋਈ ਮੇਲਜੋਲ ਵੀ ਨਹੀਂ ਸੀ, ਪਰ ਪੁਲਸ ਦੇ ਖਾਨਿਆਂ ਵਿੱਚ ਉਹਦਾ ਨਾਂਅ ਪਤਾ ਨਹੀਂ ਕਿਵੇਂ ਚੜ੍ਹ ਗਿਆ। ਮੁੱਕਦੀ ਗੱਲ, ਹੱਥ-ਪੈਰ ਮਾਰ ਕੇ ਉਹ ਜਿਵੇਂ ਕਿਵੇਂ ਵਿਦੇਸ਼ ਉਡਾਰੀ ਮਾਰ ਗਿਆ। ਉਥੇ ਉਹਦਾ ਵਿਆਹ ਹੋਇਆ ਅਤੇ ਫਿਰ ਵਿਹੜੇ ਵਿੱਚ ਨਿਆਣੇ ਖੇਡਣ ਲੱਗੇ। ਉਹਦਾ ਇਹ ਦੱਸਦੇ ਗੱਚ ਭਰ ਆਇਆ, ''ਘਰ ਵਾਲੀ ਬੱਚਿਆਂ ਨੂੰ ਲੈ ਕੇ ਇੰਡੀਆ ਜਾ ਆਉਂਦੀ ਆ, ਬੱਸ ਮੈਂ ਨਹੀਂ ਆ ਸਕਦਾ।'' ਉਹਦਾ ਗੱਚ ਹਟਕੋਰਿਆ ਵਿੱਚ ਵਟ ਗਿਆ। ਕਹਿੰਦਾ, ''ਉਦੋਂ ਹਾਲਾਤ ਹੀ ਐਸੇ ਸਨ, ਬਾਹਰ ਨਾ ਆਉਂਦਾ ਤਾਂ ਸ਼ਾਇਦ ਹੋਰ ਮੁੰਡਿਆਂ ਵਾਂਗ ਮੈਂ ਵੀ ਕਿਤੇ ਮਰ-ਖਪ ਜਾਂਦਾ।'' ਪਹਿਲੇ ਦਿਨ ਉਹ ਰੋਇਆ ਵੱਧ, ਗੱਲਾਂ ਘੱਟ ਹੀ ਹੋਈਆਂ। ਮੇਰੇ ਕੋਲ ਉਹਨੂੰ ਤਸੱਲੀ ਦੇਣ ਲਈ ਕੁਝ ਨਹੀਂ ਸੀ। ਆਖਰ ਫੋਨ ਕੱਟਿਆ ਗਿਆ। ਮੈਂ ''ਹੈਲੋ ਹੈਲੋ'' ਕਰਦਾ ਰਹਿ ਗਿਆ। ਸ੍ਰੀਮਤੀ ਪੁੱਛਣ ਲੱਗੀ, ''ਕੀਹਦਾ ਫੋਨ ਸੀ?'' ਮੈਂ ਨਮ ਅੱਖਾਂ ਦੇ ਕੋਏ ਪੂੰਝਦਾ ਕਹਿਣ ਲੱਗਿਆ, ''ਸਾਡੇ ਨਾਲ ਇੱਕ ਮੁੰਡਾ ਪੜ੍ਹਦਾ ਹੁੰਦਾ ਸੀ, ਇੰਨੇ ਚਿਰ ਬਾਅਦ ਬਾਹਰੋਂ ਬੋਲ ਰਿਹਾ ਸੀ।''

ਫਿਰ ਅਜੈਬ ਸਿੰਘ ਮਹੀਨੇ, ਦੋ ਮਹੀਨਿਆਂ ਬਾਅਦ ਫੋਨ ਕਰਨ ਲੱਗਿਆ। ਹੋਰ ਗੱਲਾਂਬਾਤਾਂ ਤੋਂ ਇਲਾਵਾ ਉਹਦੀ ਗੱਲਬਾਤ ਦਾ ਧੁਰਾ ਜ਼ਿਆਦਾਤਰ ਵੱਡੇ ਸਕੂਲ ਦੁਆਲੇ ਘੁੰਮਦਾ ਰਹਿੰਦਾ। ਉਹਨੂੰ ਉਹ ਕਮਰਾ, ਮੇਜ਼ ਜਿੱਥੇ ਅਸੀਂ ਬੈਠਦੇ ਸੀ ਯਾਦ ਆਉਂਦੇ ਸਨ। ਸਾਇੰਸ ਮਾਸਟਰ ਗੁਪਤਾ ਜੀ ਚੇਤੇ ਵਿੱਚ ਉਭਰਦੇ, ਜਿਹੜੇ ਸ਼ਨੀਵਾਰ ਨੂੰ ਹਾਲ ਕਮਰੇ ਵਿੱਚ ਸਾਰੇ ਸਕੂਲ ਨੂੰ ਫਿਲਮ ਦਿਖਾਉਂਦੇ ਹੁੰਦੇ ਸਨ। ਪੰਜਾਬੀ ਮਾਸਟਰ ਤਰਸੇਮ ਲਾਲ, ਜਿਹੜੇ ਲਾਲਾ ਲਾਜਪਤ ਰਾਏ ਬਾਰੇ ਕਵਿਤਾ 'ਤੈਨੂੰ ਵੇਖ ਗਲੀਆਂ ਦੇ ਕੱਖ ਰੋਏ' ਦੇ ਅਰਥ ਕਰਦੇ ਕਿਸੇ ਫਿਲਮ ਵਾਂਗ ਹੱਥ ਵਿੱਚ ਕਿਤਾਬ ਫੜੀ ਸਾਹਮਣੇ ਖੜ੍ਹੇ ਦਿਸੇ। ਹਿਸਾਬ ਮਾਸਟਰ ਹਰਮੇਲ ਸਿੰਘ, ਅੰਗਰੇਜ਼ੀ ਵਾਲੇ ਮਾਸਟਰ ਅਜੈਬ ਸਿੰਘ ਵੱਲੋਂ ਵੱਖੀ ਵਿੱਚ ਵੱਢੀ ਚੂੰਢੀ ਵੀ ਉਹਨੇ ਯਾਦ ਕਰਵਾ ਦਿੱਤੀ। ਉਹ ਨਾਲ ਪੜ੍ਹਦੇ ਜਗਦੇਵ ਸਿੰਘ, ਬਲਦੇਵ ਸਿੰਘ ਚਹਿਲ, ਬਲਦੇਵ ਸਿੰਘ ਜਰਗਰ, ਨਰਿੰਦਰ ਸ਼ਰਮਾ ਤੇ ਹੋਰਨਾਂ ਦੇ ਨਾਂਅ ਲੈ ਕੇ ਇਕੱਲੇ ਇਕੱਲੇ ਬਾਰੇ ਪੁੱਛਦਾ ਰਹਿੰਦਾ ਹੈ। ਸਕੂਲ ਦੇ ਪਿਛਲੇ ਪਾਸੇ ਪਿੰਡ ਭੱਠਲਾਂ ਨੂੰ ਜਾਂਦੀ ਸੜਕ ਕੋਲ ਵੱਡਾ ਬੀੜ ਲੱਗਦਾ ਹੈ। ਇਸ ਵਿੱਚ ਪਸ਼ੂ ਮੰਡੀਆਂ ਲੱਗਦੀਆਂ ਹਨ। ਉਸ ਸਮੇਂ ਸਕੂਲ ਅਤੇ ਬੀੜ ਦਰਮਿਆਨ ਸਿਰਫ ਕੱਚਾ ਪਹਾ ਹੁੰਦਾ ਸੀ। ਨਾ ਸਕੂਲ ਅਤੇ ਨਾ ਬੀੜ ਦੀ ਚਾਰਦੀਵਾਰੀ ਹੁੰਦੀ ਸੀ। ਕਈ ਬੱਚੇ ਪੀਰੀਅਡ ਲਾਉਣ ਦੀ ਥਾਂ ਬੀੜ ਵਿੱਚ ਦਰੱਖਤਾਂ ਦੀ ਛਾਂ ਹੇਠ ਜਾ ਬੈਠਦੇ। ਸਿਆਲਾਂ ਦੀ ਰੁੱਤ ਵਿੱਚ ਤਾਂ ਕਿਸੇ ਸੁੱਕੇ ਡਿੱਗੇ ਦਰੱਖਤ ਨੂੰ ਅੱਗ ਲਾ ਕੇ ਸੇਕਦੇ ਵੀ ਸਨ। ਬੀੜ ਵਿੱਚ ਖਾਧੇ ਜਲੇਬੀ ਤੁੱਕੇ ਅਜੈਬ ਸਿੰਘ ਨੂੰ ਅੱਜ ਤੱਕ ਨਹੀਂ ਭੁੱਲੇ। ਬਸ ਅੱਡੇ ਨੇੜੇ ਉਹਦੀ ਭੂਆ ਦਾ ਘਰ ਤੇ ਉਹਦਾ ਆਪਣਾ ਪਿੰਡ ਵਾਲਾ ਘਰ, ਟੋਭੇ, ਨਿਆਈਆਂ ਵਿੱਚ ਖੇਡੀ ਕੌਡੀ-ਬਾਡੀ ਉਹਦੇ ਸੁਫਨਿਆਂ ਵਿੱਚ ਗੇੜੇ ਕੱਢਦੀ ਹੈ। ਭੂਆ-ਫੁੱਫੜ ਚੜ੍ਹਾਈ ਕਰ ਚੁੱਕੇ ਹਨ, ਉਨ੍ਹਾਂ ਦਾ ਵਿਯੋਗ ਉਹਦੀ ਨਾੜੀ ਨਾੜੀ ਵਿੱਚ ਖ਼ਿਰਕਦਾ ਹੈ। ਉਹਨੂੰ ਕੋਈ ਰਾਹ ਨਹੀਂ ਭੁੱਲਿਆ, ਸਭ ਯਾਦ ਹਨ, ਪਰ ਸ਼ਾਇਦ ਕੁਝ ਰਾਹ ਉਹਨੂੰ ਭੁੱਲ ਗਏ ਜਾਪਦੇ ਹਨ। ਉਹ ਜਿਹੜੇ ਰਾਹ ਗਿਆ ਸੀ, ਵਾਪਸ ਨਹੀਂ ਆ ਸਕਿਆ। ਉਦੋਂ ਰੋਂਦੀਆਂ ਰੁੱਤਾਂ ਦੌਰਾਨ ਪੰਜਾਬ ਵਿੱਚ ਖੁੱਲ੍ਹੇ ਝੱਖੜ ਨੇ ਪਤਾ ਨਹੀਂ ਮਾਵਾਂ ਦੇ ਕਿੰਨੇ ਪੁੱਤ ਅੱਲ੍ਹੜ ਉਮਰੇ ਹੀ ਝੰਬ ਸੁੱਟੇ ਸਨ ਅਤੇ ਕਿੰਨੇ ਅਜੈਬ ਸਿੰਘ ਜਲਾਵਤਨ ਹੋਣ ਲਈ ਮਜਬੂਰ ਹੋ ਗਏ।

# ਖੰਡ ਮਿੱਲਾਂ ਅਜੇ ਵੀ ਦੱਬੀ ਬੈਠੀਆਂ ਹਨ ਕਿਸਾਨਾਂ ਦੇ ਢਾਈ ਅਰਬ ਰੁਪਏ



ਚੰਡੀਗੜ੍ਹ, 11 ਨਵੰਬਰ (ਪੋਸਟ ਬਿਊਰੋ)- ਪੰਜਾਬ ਦੀਆਂ ਖੰਡ ਮਿੱਲਾਂ ਨੇ ਗੰਨਾ ਮੁੜ ਪੀੜਨਾ ਸ਼ੁਰੂ ਕਰ ਦਿੱਤਾ ਹੈ, ਪਰ ਅਜੇ ਵੀ ਪਿਛਲੇ ਸੀਜ਼ਨ ਦੇ ਕਿਸਾਨਾਂ ਦੇ ਪੌਣੇ ਤਿੰਨ ਅਰਬ ਰੁਪਏ ਮਿੱਲਾਂ ਵੱਲ ਬਕਾਇਆ ਖੜ੍ਹੇ ਹਨ।

ਸਰਕਾਰੀ ਸੂਤਰਾਂ ਮੁਤਾਬਿਕ 110 ਕਰੋੜ ਰੁਪਏ ਕੋਆਪਰੇਟਿਵ ਮਿੱਲਾਂ ਵੱਲ ਬਕਾਇਆ ਹਨ ਅਤੇ ਕਰੀਬ 150 ਕਰੋੜ ਰੁਪਏ ਤੋਂ ਵੱਧ ਨਿੱਜੀ ਮਿੱਲਾਂ ਵੱਲ ਬਕਾਏ ਹਨ। ਫਗਵਾੜੇ ਦੀ ਇਕੱਲੀ ਵਾਹਦ ਐਂਡ ਸੰਧਰ ਸ਼ੂਗਰ ਮਿੱਲ ਵੱਲ ਹੀ ਕਿਸਾਨਾਂ ਦੇ ਬਕਾਏ ਦੇ 73 ਕਰੋੜ ਰੁਪਏ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਬਕਾਏ ਵਿੱਚ ਬਹੁਤੀ ਰਕਮ ਤਾਂ ਬੀਤੇ ਸੀਜ਼ਨ ਦੀ ਹੈ, ਪਰ ਕੁਝ ਰਕਮ ਇਸ ਤੋਂ ਪਿਛਲੇ ਸਾਲ ਦੀ ਖੜ੍ਹੀ ਹੈ। ਕਿਸਾਨ ਆਪਣੀ ਗੰਨੇ ਦੀ ਫ਼ਸਲ ਦੀ ਕੀਮਤ ਹਾਸਲ ਕਰਨ ਲਈ ਪਿਛਲੇ 1 ਸਾਲ ਵਿੱਚ ਕਈ ਵਾਰ ਸੜਕਾਂ ਉਪਰ ਧਰਨੇ ਲਾ ਚੁੱਕੇ ਹਨ, ਪਰ ਮਿੱਲ ਮਾਲਕਾਂ ਅਤੇ ਸਰਕਾਰ ਦੇ ਕੰਨਾਂ ’ਤੇ ਜੂੰ ਨਹੀਂ ਸਰਕੀ। ਭਾਰਤੀ ਕਿਸਾਨ ਯੂਨੀਅਨ (ਦੁਆਬਾ) ਦੇ ਆਗੂ ਸਤਨਾਮ ਸਿੰਘ ਸਾਹਨੀ ਨੇ ਕਿਹਾ ਕਿ ਕਿਸਾਨ ਕਰਜ਼ੇ ਚੁੱਕ ਕੇ ਫ਼ਸਲ ਪਾਲਦੇ ਹਨ ਤੇ ਕੋਆਪਰੇਟਿਵਬੈਂਕਾਂ ਹਰ ਛਿਮਾਹੀ ਸਮੇਤ ਵਿਆਜ ਵਸੂਲਦੀਆਂ ਹਨ, ਪਰ ਮਿੱਲਾਂ ਵਾਲੇ ਕਿਸਾਨਾਂ ਨੂੰ ਸਾਲ-ਸਾਲ, ਦੋ-ਦੋ ਸਾਲ ਕੀਮਤ ਵੀ ਨਹੀਂ ਦਿੰਦੇ। ਉਨ੍ਹਾਂ ਕਿਹਾ ਕਿ ਮਿੱਲਾਂ ਵਾਲੇ ਕਿਸਾਨਾਂ ਦੇ ਬਕਾਏ ਨਾ ਦੇ ਕੇ ਅਰਬਾਂ ਰੁਪਏ ਮੁਫ਼ਤ ’ਚ ਵਰਤ ਰਹੇ ਹਨ। ਉਨ੍ਹਾਂ ਕਿਹਾ ਕਿ 73 ਕਰੋੜ ਰੁਪਏ ਬਕਾਏ ਵਾਲੀ ਖੰਡ ਮਿੱਲ ਫਗਵਾੜਾ ਅੱਗੇ ਕਿਸਾਨ ਜਥੇਬੰਦੀਆਂ 15 ਨਵੰਬਰ ਤੋਂ ਅਣਮਿੱਥੇ ਸਮੇਂ ਲਈ ਧਰਨੇ ਉਪਰ ਬੈਠ ਰਹੀਆਂ ਹਨ।

# ਭਾਈ ਘਨ੍ਹਈਆ ਸਕੀਮ ਦੇ ਲਈ ਕੰਪਨੀ ਦਾ ਕਸੂਰ ਹੁੰਦਿਆਂ ਵੀ ਰਗੜਾ ਕਿਸਾਨਾਂ ਨੂੰ ਲੱਗ ਗਿਆ



ਚੰਡੀਗੜ੍ਹ, 11 ਨਵੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਭਾਈ ਘਨ੍ਹੱਈਆ ਸਿਹਤ ਸੇਵਾ ਸਕੀਮ ਦੇ ਨਾਲ ਜੁੜੇ ਕਿਸਾਨਾਂ ਨੂੰ ਕਰੀਬ 19 ਕਰੋੜ ਦਾ ਰਗੜਾ ਲਾ ਦਿੱਤਾ ਹੈ। ਅੱਧ-ਵਿਚਾਲੇ ਬੀਮਾ ਕੰਪਨੀ ਦੇ ਭੱਜਣ ਦਾ ਨੁਕਸਾਨ ਪੰਜਾਬ ਦੇ 1.43 ਲੱਖ ਪਰਵਾਰਾਂ ਨੂੰ ਭੁਗਤਣਾ ਪੈ ਰਿਹਾ ਹੈ। ਉਨ੍ਹਾਂ ਨੂੰ ਛੇ ਮਹੀਨੇ ਤੋਂ ਇਸ ਸਕੀਮ ਦਾ ਕੋਈ ਲਾਭਨਹੀਂ ਮਿਲਿਆ, ਸਗੋਂ ਇਸ ਸਕੀਮ ਦੇ ਤਹਿਤ ਪ੍ਰਤੀ ਮੈਂਬਰ ਕਰੀਬ ਇੱਕ ਹਜ਼ਾਰ ਰੁਪਏ ਪ੍ਰੀਮੀਅਮ ਵਧਾ ਦਿੱਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਸਕੀਮ ਦੇ ਪ੍ਰੀਮੀਅਮ ਵਿੱਚ ਵਾਧੇ ਖਿਲਾਫ ਬਠਿੰਡਾ, ਮਾਨਸਾ ਤੇ ਸੰਗਰੂਰ ਦੀਆਂ ਕੁਝ ਪੇਂਡੂ ਕੋਆ-ਪਰੇਟਿਵ ਸੋਸਾਇਟੀਜ਼ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਕੇਸ ਦਾਇਰ ਕਰ ਦਿੱਤਾ ਹੈ ਅਤੇ ਉਨ੍ਹਾਂ ਨੂੰ ਅਦਾਲਤ ਤੋਂ ਸਟੇਅ ਮਿਲ ਗਿਆ ਹੈ। ਸੰਗਰੂਰ ਜ਼ਿਲ੍ਹੇ ਦੀਆਂ 36 ਹੋਰ ਕੋਆਪਰੇਟਿਵ ਸੋਸਾਇਟੀਜ਼ ਨੇ ਸਟੇਅ ਲੈ ਲਿਆ ਹੈ, ਜਦੋਂ ਕਿ 37 ਕੋਆਪਰੇਟਿਵ ਸੋਸਾਇਟੀਜ਼ਦੇ ਕੇਸ ਸੁਣਵਾਈ ਅਧੀਨ ਹਨ।

ਪਤਾ ਲੱਗਾ ਹੈ ਕਿ ਭਾਈ ਘਨ੍ਹੱਈਆ ਸਿਹਤ ਸੇਵਾ ਸਕੀਮ ਦਾ ਸਾਲ 2018-19 ਅਤੇ ਸਾਲ 2019-2020 ਦਾ ਕੰਮ ਯੂਨਾਈਟਿਡ ਇੰਸ਼ੋਰੈਂਸ਼ ਬੀਮਾ ਕੰਪਨੀ ਨੂੰ ਦਿੱਤਾ ਗਿਆ ਸੀ। ਪਹਿਲੇ ਸਾਲ ਇਸ ਕੰਪਨੀ ਨੂੰ ਕਰੀਬ 39 ਕਰੋੜ ਰੁਪਏ ਦਾ ਪ੍ਰੀਮੀਅਮ ਮਿਲਿਆ ਜਿਸ ਬਦਲੇ ਇਸ ਕੰਪਨੀ ਨੇ ਕਰੀਬ 47 ਕਰੋੜ ਦਾ ਇਲਾਜ ਖਰਚ ਕੀਤਾ। ਦੋ ਸਾਲਾਂ ਦੇ ਸਮਝੌਤੇ ਦੇ ਉਲਟ ਇਸ ਕੰਪਨੀ ਨੇ ਪੰਜ ਨਵੰਬਰ 2019 ਨੂੰ ਸਕੀਮ ਅੱਧ-ਵਿਚਾਲੇ ਛੱਡ ਦਿੱਤੀ। ਕੋਆ-ਪਰੇਟਿਵ ਸੋਸਾਇਟੀਜ਼ਦੇ ਨਾਲ ਜੁੜੇ ਕਰੀਬ 1.70 ਲੱਖ ਕਿਸਾਨ ਪਰਵਾਰਾਂ ਨੇ ਪ੍ਰਤੀ ਮੁੱਖ ਮੈਂਬਰ 1749 ਰੁਪਏ ਅਤੇ ਪ੍ਰਤੀ ਮੈਂਬਰ ਦੇ 433 ਰੁਪਏ ਪ੍ਰੀਮੀਅਮ ਭਰ ਦਿੱਤਾ ਸੀ, ਜਿਸ ਦਾ ਲਾਭ ਅੱਠ ਨਵੰਬਰ 2019 ਤੋਂ ਮਿਲਣਾ ਸ਼ੁਰੂ ਹੋਣਾ ਸੀ, ਪਰ ਉਸ ਤੋਂ ਪਹਿਲਾਂ ਹੀ ਬੀਮਾ ਕੰਪਨੀ ਭੱਜ ਗਈ, ਜਿਸ ਕਰ ਕੇ ਇਲਾਜ ਦੀ ਸਹੂਲਤ ਬੰਦ ਹੋ ਗਈ। ਕੋਆਪਰੇਟਿਵ ਸੋਸਾਇਟੀਜ਼ਵਿਭਾਗ ਨੇ ਨਵੇਂ ਸਿਰਿਉਂ ਟੈਂਡਰ ਕੀਤੇ ਤਾਂ ਨਿਊ ਇੰਡੀਆ ਇੰਸ਼ੋਰੈਂਸ਼ ਕੰਪਨੀ ਨੂੰ ਕੰਮ ਮਿਲ ਗਿਆ, ਜਿਸ ਨੇ 15 ਮਾਰਚ 2020 ਤੋਂ ਕੰਮ ਸ਼ੁਰੂ ਕੀਤਾ। ਨਵੀਂ ਬੀਮਾ ਕੰਪਨੀ ਨੇ ਪ੍ਰੀਮੀਅਮ ਵਧਾ ਕੇ ਪ੍ਰਤੀ ਮੁੱਖ ਮੈਂਬਰ 2714 ਰੁਪਏ ਸਮੇਤ ਟੈਕਸ ਕਰ ਦਿੱਤਾ ਸੀ। ਕੋਆਪਰੇਟਿਵ ਵਿਭਾਗ ਨੇ ਅੱਗੋਂ ਲਾਭਪਾਤਰੀਆਂ ਤੋਂ ਵਧੇ ਪ੍ਰੀਮੀਅਮ ਵਜੋਂ ਇੱਕ ਹਜ਼ਾਰ ਰੁਪਏ ਹੋਰ ਮੰਗ ਲਏ ਹਨ। ਪਿੰਡ ਢਿੱਲਵਾਂ,ਬਰਨਾਲਾ ਦੇ ਕਿਸਾਨ ਬਲਦੇਵ ਸਿੰਘ ਦਾ ਕਹਿਣਾ ਸੀ ਕਿ ਉਸ ਨੇ ਪ੍ਰੀਮੀਅਮ ਭਰਿਆ ਹੋਇਆ ਸੀ ਅਤੇ ਗੋਡੇ ਦੇ ਇਲਾਜ ਲਈ ਪੈਸਾ ਚਾਹੀਦਾ ਸੀ, ਪਰ ਉਹ ਕਿਉਂ ਵਾਧੂ ਪੈਸੇ ਭਰਨ। ਨਿਊ ਇੰਡੀਆ ਇੰਸ਼ੋਰੈਂਸ਼ ਕੰਪਨੀ ਦੇ ਮੈਨੇਜਰ ਮਨੋਜ ਕੁਮਾਰ ਦਾ ਕਹਿਣਾ ਸੀ ਕਿ ਉਨ੍ਹਾਂ ਦੀ ਬੀਮਾ ਕੰਪਨੀ ਤੋਂ ਕਰੀਬ 15 ਹਜ਼ਾਰ ਲੋਕ ਕਲੇਮ ਲੈ ਚੁੱਕੇ ਹਨ ਅਤੇ ਸਰਕਾਰ ਵੱਲੋਂ ਕੰਪਨੀ ਨੂੰ ਦੋ ਕਿਸ਼ਤਾਂ ਵਿੱਚ ਰਾਸ਼ੀ ਦਿੱਤੀ ਗਈ ਹੈ, ਜਦੋਂ ਕਿ ਤੀਸਰੀ ਕਿਸ਼ਤ ਦੀ ਰਾਸ਼ੀ ਬਾਕੀ ਹੈ। ਪੇਂਡੂ ਕੋਆਪਰੇਟਿਵ ਸੋਸਾਇਟੀਜ਼ ਸੇਵਾਵਾਂ ਮੁਲਾਜ਼ਮ ਯੂਨੀਅਨ ਫਿਰੋਜ਼ਪੁਰ ਡਵੀਜ਼ਨ ਦੇ ਪ੍ਰਧਾਨ ਜਸਕਰਨ ਸਿੰਘ ਕੋਟ ਸ਼ਮੀਰ ਦਾ ਕਹਿਣਾ ਹੈ ਕਿ ਹਾਈ ਕੋਰਟ ਵੱਲੋਂ ਸਟੇਅ ਦੇ ਬਾਵਜੂਦ ਮਹਿਕਮੇ ਵੱਲੋਂ 19 ਕਰੋੜ ਰੁਪਏ ਹੋਰ ਪ੍ਰੀਮੀਅਮ ਵਸੂਲ ਕੀਤਾ ਜਾ ਰਿਹਾ ਹੈ, ਜਿਸ ਪਿੱਛੋਂਉਨ੍ਹਾਂ ਨੇ ਅਦਾਲਤੀ ਹੁਕਮਾਂ ਨੂੰ ਅਣਗੌਲਿਆਂ ਕੀਤੇ ਜਾਣ ਵਿਰੁੱਧ ਕੇਸ ਦਾਇਰ ਕੀਤਾ ਹੈ।

ਕੋਆਪਰੇਟਿਵ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦਾ ਕਹਿਣਾ ਹੈ ਕਿ ਮਹਿਕਮੇ ਨੇ ਸਮਝੌਤੇ ਤੋੜ ਕੇ ਅੱਧ ਵਿਚਾਲੇ ਭੱਜੀ ਯੂਨਾਈਟਿਡ ਇੰਸ਼ੋਰੈਂਸ ਕੰਪਨੀ ਦੇ ਖਿਲਾਫ ਕੇਸ ਦਾਇਰ ਕਰ ਦਿੱਤਾ ਹੈ। ਕਿਸਾਨਾਂ ਨੂੰ ਸਿਹਤ ਸਹੂਲਤਾਂ ਫੌਰੀ ਦੇਣ ਲਈ ਨਵੀਂ ਕੰਪਨੀ ਵਾਸਤੇ ਟੈਂਡਰ ਕੀਤਾ ਹੈ, ਜਿਸ ਦਾ 700 ਰੁਪਏ ਪ੍ਰੀਮੀਅਮ ਵੱਧ ਹੈ। ਸੋਸਾਇਟੀਜ਼ਤੋਂ ਇਹ ਪ੍ਰੀਮੀਅਮ ਲਿਆ ਜਾ ਰਿਹਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਜਦੋਂ ਹੀ ਉਹ ਪੁਰਾਣੀ ਕੰਪਨੀ ਵਾਲਾ ਕੇਸ ਜਿੱਤ ਜਾਣਗੇ, ਪੁਰਾਣੀ ਕੰਪਨੀ ਤੋਂ ਮਿਲਣ ਵਾਲਾ ਪੈਸਾ ਲਾਭਪਾਤਰੀਆਂ ਨੂੰ ਵਾਪਸ ਕਰ ਦਿੱਤਾ ਜਾਵੇਗਾ।

## ਮੈਰਿਜ ਪੈਲੇਸ ਦੇ ਚੌਕੀਦਾਰ ਦੀ ਹੱਤਿਆ

ਪਟਿਆਲਾ, 11 ਨਵੰਬਰ (ਪੋਸਟ ਬਿਊਰੋ)- ਥਾਣਾ ਸ਼ੰਭੂ ਦੇ ਪਿੰਡ ਮਦਨਪੁਰ ਦੇ ਮੈਰਿਜ ਪੈਲੇਸ ਉੱਤੇ ਚੌਕੀਦਾਰੀ ਕਰਨ ਵਾਲੇ 42 ਸਾਲਾ ਰਣਬੀਰ ਸਿੰਘ ਵਾਸੀ ਬਿਲਾਸਪੁਰ, ਹਿਮਾਚਲ ਪ੍ਰਦੇਸ਼ ਦੇ ਸਿਰ ’ਤੇ ਐਤਵਾਰ ਰਾਤ ਨੂੰ ਕਹੀ ਨਾਲ ਵਾਰ ਕਰ ਕੇ 17 ਸਾਲਾ ਲੜਕੇ ਨੇ ਕਤਲ ਕਰ ਦਿੱਤਾ। ਪੁਲਸ ਜਾਂਚ ਵਿੱਚ ਪਤਾ ਲੱਗਾ ਹੈ ਕਿ ਕਰੀਬ ਦੋ ਮਹੀਨੇ ਪਹਿਲਾਂ ਦੋਸ਼ੀ ਨੇ ਚੌਕੀਦਾਰ ਦਾ ਮੋਬਾਈਲ ਚੋਰੀ ਕੀਤਾ ਸੀ, ਜੋ ਬਾਅਦ ਵਿੱਚ ਮਿਲ ਗਿਆ ਸੀ। ਚੌਕੀਦਾਰ ਉਸ ਨੂੰ ਕਿਸੇ ਨਾ ਕਿਸੇ ਗੱਲ ਉਤੇ ਚੋਰੀ ਦਾ ਤਾਅਨਾ ਮਾਰਦਾ ਰਹਿੰਦਾ ਸੀ। ਐਤਵਾਰ ਨੂੰ ਵਾਰਦਾਤ ਤੋਂ ਪਹਿਲਾਂ ਦੋਵਾਂ ਨੇ ਸ਼ਰਾਬ ਪੀਤੀ ਸੀ। ਇਸ ਦੌਰਾਨ ਵੀ ਰਣਬੀਰ ਨੇ ਦੋਸ਼ੀ ਨੂੰ ਚੋਰੀ ਦਾ ਤਾਅਨਾ ਮਾਰਿਆ ਸੀ। ਘਟਨਾ ਦੀ ਜਾਣਕਾਰੀ ਸਵੇਰੇ ਪੈਲੇਸ ਵਿੱਚ ਪਹੁੰਚੇ ਮਾਲਕ ਨੇ ਖ਼ੂਨ ਨਾਲ ਲਥਪਥ ਪਈ ਲਾਸ਼ ਨੂੰ ਦੇਖ ਕੇ ਦਿੱਤੀ। ਪੁਲਸ ਨੇ ਸੀ ਸੀ ਟੀ ਵੀ ਫੁਟੇਜ ਦੇਖ ਕੇ ਦੋਸ਼ੀ ਲੜਕੇ ਦੀ ਸ਼ਨਾਖਤ ਕੀਤੀ ਅਤੇ ਪਾਤੜਾਂ ਤੋਂ ਗ੍ਰਿਫਤਾਰ ਕਰ ਲਿਆ। ਪੈਲੇਸ ਮਾਲਕ ਸਤਵਿੰਦਰ ਸਿੰਘ ਵਾਸੀ ਰਾਜਪੁਰਾ ਨੇ ਪੁਲਸ ਨੂੰ ਦੱਸਿਆ ਕਿ ਰਣਬੀਰ ਸਿੰਘ ਪਿਛਲੇ ਕਰੀਬ ਤਿੰਨ ਸਾਲ ਤੋਂ ਉਨ੍ਹਾਂ ਦੇ ਕੋਲ ਚੌਕੀਦਾਰੀ ਦਾ ਕੰਮ ਕਰਦਾ ਸੀ।

## ਸ਼੍ਰੋਮਣੀ ਕਮੇਟੀ ਨੂੰ ਬਾਦਲਾਂ ਤੋਂ ਮੁਕਤ ਕਰਵਾਉਣ ਲਈ 5 ਪੰਥਕ ਧਿਰਾਂ ਨੇ ਸਾਂਝ ਪਾਈ



ਜਲੰਧਰ, 11 ਨਵੰਬਰ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਾਦਲਾਂ ਤੋਂ ਆਜ਼ਾਦ ਕਰਵਾਉਣ ਲਈ ਪੰਜ ਪੰਥਕ ਧਿਰਾਂ ਨੇ ਮਿਲ ਕੇ ਚੱਲਣ ਦਾ ਐਲਾਨ ਕੀਤਾ ਹੈ। ਸ੍ਰੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਅਤੇ ਪੰਥਕ ਅਕਾਲੀ ਲਹਿਰ ਦੇ ਮੁਖੀ ਭਾਈ ਰਣਜੀਤ ਸਿੰਘ, ਸੰਤ ਸਮਾਜ ਦੇ ਮੁਖੀ ਬਾਬਾ ਸਰਬਜੋਤ ਸਿੰਘ ਬੇਦੀ, ਅਕਾਲੀ ਦਲ ਡੈਮੋਕ੍ਰੇਟਿਕ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ, ਅਕਾਲੀ ਦਲ ਟਕਸਾਲੀ ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਅਕਾਲੀ ਦਲ 1920 ਦੇ ਪ੍ਰਧਾਨ ਰਵੀਇੰਦਰ ਸਿੰਘ ਨੇ ਮੀਟਿੰਗ ਕਰ ਕੇ ਸ਼੍ਰੋਮਣੀ ਕਮੇਟੀ ਦੀਆਂ ਅਗਲੀਆਂ ਚੋਣਾਂ ਇਕੱਠੇ ਹੋ ਕੇ ਲੜਨ ਦਾ ਫੈਸਲਾ ਕੀਤਾ ਹੈ ਤਾਂ ਜੋ ਸ਼੍ਰੋਮਣੀ ਕਮੇਟੀ ’ਤੇ ਆਪਣੀ ਅਜ਼ਾਰੇਦਾਰੀ ਕਾਇਮ ਕਰ ਕੇ ਬੈਠੇ ਬਾਦਲਾਂ ਨੂੰ ਸਿੱਖਾਂ ਦੀ ਇਸ ਸਿਰਮੌਰ ਸੰਸਥਾ ਤੋਂ ਲਾਂਭੇ ਕੀਤਾ ਜਾ ਸਕੇ।

ਬਾਬਾ ਸਰਬਜੋਤ ਸਿੰਘ ਬੇਦੀ ਤੇ ਭਾਈ ਰਣਜੀਤ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਬਾਦਲਾਂ ਦਾ ਕਬਜ਼ਾ ਛੁਡਾਉਣ ਲਈ ਸਭ ਪੰਥਕ ਧਿਰਾਂ ਨੂੰ ਸੱਦਾ ਦਿੱਤਾ ਕਿ ਉਹ ਮਿਲ ਕੇ ਚੋਣਾਂ ਲੜਨ। ਇਨ੍ਹਾਂ ਪੰਜਾਂ ਆਗੂਆਂ ਨੇ ਕਿਹਾ ਕਿ ਸਾਰੇ ਸ਼੍ਰੋਮਣੀ ਕਮੇਟੀ ਹਲਕਿਆਂ ਤੋਂ ਉਹੀ ਉਮੀਦਵਾਰ ਖੜ੍ਹੇ ਕੀਤੇ ਜਾਣਗੇ। ਜਿਹੜੇ ਨਿਰੋਲ ਪੰਥਕ ਅਤੇ ਅੰਮ੍ਰਿਤਧਾਰੀ ਹੋਣਗੇ। ਇਨ੍ਹਾਂ ਆਗੂਆਂ ਨੇ ਸਪੱਸ਼ਟ ਕੀਤਾ ਕਿ ਉਹ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਖੁਦ ਨਹੀਂ ਲੜਨਗੇ। ਜਿਹੜੇ ਆਗੂ ਨੂੰ ਸ਼੍ਰੋਮਣੀ ਕਮੇਟੀ ਦੀ ਚੋਣ ਲੜਾਈ ਜਾਵੇਗੀ, ਉਸ ਨੂੰ ਵਿਧਾਨ ਸਭਾ ਦੀ ਚੋਣ ਨਹੀਂ ਲੜਾਈ ਜਾਵੇਗੀ, ਜਿਵੇਂ ਬਾਦਲ ਕਰਦੇ ਹਨ। ਇਨ੍ਹਾਂ ਆਗੂਆਂ ਨੇ ਕਿਹਾ ਕਿ ਜਿਨ੍ਹਾਂ ਦੇ ਮਨਾਂ ਵਿੱਚ ਇਹ ਤੌਖਲੇ ਸਨ ਕਿ ਉਹ ਇਕੱਠੇ ਨਹੀਂ ਹੋ ਸਕਦੇ, ਉਹ ਅੱਜ ਖਤਮ ਹੋ ਗਏ ਹਨ। ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਬਾਦਲ ਵਿਰੋਧੀ ਪੰਥਕ ਧਿਰਾਂ ਨਾਲ ਤਾਲਮੇਲ ਕਰਨ ਤੇ ਅਗਲਾ ਏਜੰਡਾ ਤੈਅ ਕਰਨ ਲਈ ਜਲਦੀ ਹੀ ਪ੍ਰੋਗਰਾਮ ਉਲੀਕਿਆ ਜਾਵੇਗਾ। ਉਨ੍ਹਾਂ ਕਿਹਾ ਕਿ ਬਾਬਾ ਸਰਬ-ਜੋਤ ਸਿੰਘ ਬੇਦੀ ਅਤੇ ਭਾਈ ਰਣਜੀਤ ਸਿੰਘ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੀ ਵਿਉਂਤਬੰਦੀ ਕਰਨ ਲਈ ਸਾਰੇ ਪ੍ਰੋਗਰਾਮ ਦੀ ਅਗਵਾਈ ਕਰਨਗੇ।

## ਪੋਸਟ ਮੈਟ੍ਰਿਕ ਸਕਾਲਰਸ਼ਿਪ ਬਾਰੇ ਕੇਂਦਰ ਨੇ ਜਵਾਬ ਦਿੱਤਾ, ਪੰਜਾਬ ਨੇ ਸਮਾਂ ਮੰਗਿਆ




ਚੰਡੀਗੜ੍ਹ, 11 ਨਵੰਬਰ (ਪੋਸਟ ਬਿਊਰੋ)- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਰਵੀ ਸ਼ੰਕਰ ਝਾਅ ਤੇ ਜਸਟਿਸ ਅਰੁਣ ਪੱਲੀ ਦੀ ਬੈਂਚ ਨੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਕੇਸ ਦੀ ਸੀ ਬੀ ਆਈ ਜਾਂਚ ਦੀ ਮੰਗ ਉੱਠਣ ’ਤੇ ਸੂਬਾ ਸਰਕਾਰ ਨੂੰ 27 ਜਨਵਰੀ ਤੱਕ ਜਵਾਬ ਦੇਣ ਦਾ ਸਮਾਂ ਦਿੱਤਾ ਹੈ।

ਕੱਲ੍ਹ ਇਸ ਕੇਸ ਦੀ ਸੁਣਵਾਈ ਦੌਰਾਨ ਕੇਂਦਰ ਸਰਕਾਰ ਨੇ ਆਪਣਾ ਜਵਾਬ ਪੇਸ਼ ਕਰ ਕੇ ਹਾਈ ਕੋਰਟ ਨੂੰ ਦੱਸਿਆ ਕਿ ਇਹ ਸਕੀਮ ਕੇਂਦਰ ਸਰਕਾਰ ਦੀ ਹੈ, ਜਿਸ ਵਿੱਚ ਰਾਜ ਸਰਕਾਰ ਆਪਣਾ ਹਿੱਸਾ ਪਾਉਂਦੀ ਹੈ ਅਤੇ ਕੇਂਦਰ ਸਰਕਾਰ ਨੇ ਇਸ ਸਕੀਮ ਹੇਠ 17 ਸਤੰਬਰ ਤੱਕ ਆਪਣਾ ਪੂਰਾ ਹਿੱਸਾ ਦੇ ਦਿੱਤਾ ਹੈ। ਘਪਲੇ ਬਾਰੇ ਕੇਂਦਰ ਸਰਕਾਰ ਨੇ ਸੂਬਾ ਸਰਕਾਰ ਤੋਂ ਰਿਪੋਰਟ ਮੰਗੀ ਹੈ, ਜੋ ਹਾਲੇ ਤੱਕ ਸੂਬਾ ਸਰਕਾਰ ਨੇ ਨਹੀਂਭੇਜੀ। ਕੇਂਦਰ ਸਰਕਾਰ ਨੇ ਇਸ ਮਾਮਲੇ ਦੀ ਜਾਂਚ ਲਈ ਦੋ ਸੈਕਟਰੀ ਪੱਧਰ ਦੇ ਅਧਿਕਾਰੀਆਂ ਦੀ ਕਮੇਟੀ ਬਣਾ ਕੇ ਜਾਂਚ ਸ਼ੁਰੂ ਕੀਤੀ ਹੈ, ਜਿਸ ਦੀ ਰਿਪੋਰਟ ਆਉਣੀ ਅਜੇ ਬਾਕੀ ਹੈ। ਕੇਂਦਰ ਦੇ ਇਸ ਜਵਾਬ ਨੂੰ ਹਾਈ ਕੋਰਟ ਨੇ ਰਿਕਾਰਡ ਵਿੱਚ ਲੈ ਕੇ ਇਸ ਬਾਰੇ ਪੰਜਾਬ ਸਰਕਾਰ ਤੋਂਉਨ੍ਹਾਂ ਵੱਲੋਂ ਕੀਤੀ ਜਾ ਰਹੀ ਕਾਰਵਾਈ ਦੀ ਜਾਣਕਾਰੀ ਦੇਣ ਦਾ ਹੁਕਮ ਦਿੱਤਾ ਹੈ। ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਜਵਾਬ ਦੇਣ ਲਈ ਸਮੇਂ ਦੀ ਮੰਗ ਕੀਤੀ ਹੈ।ਪਟੀਸ਼ਨ ’ਚ ਕੇਂਦਰ ਸਰਕਾਰ, ਪੰਜਾਬ ਸਰਕਾਰ, ਸੀ ਬੀ ਆਈ, ਪੰਜਾਬ ਦੇ ਚੀਫ ਸੈਕਟਰੀ, ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਵਿਭਾਗ ਦੇ ਡਾਇਰੈਕਟਰ ਨੂੰ ਧਿਰਾਂ ਬਣਾਇਆ ਗਿਆ ਹੈ। ਇਸ ਮਾਮਲੇ ਵਿੱਚ ਅਪੀਲ ਕਰਤਾ ਨੇ ਕਿਹਾ ਹੈ ਕਿ ਇਹ ਘੁਟਾਲਾ ਸਿਰਫ ਪੰਜਾਬ ਤੱਕ ਸੀਮਿਤ ਨਹੀਂ, ਕਈ ਮਾਮਲੇ ਕਈ ਹੋਰ ਰਾਜਾਂ ਵਿੱਚ ਵੀ ਸਾਹਮਣੇ ਆਏ ਹਨ। ਹਿਮਾਚਲ ਪ੍ਰਦੇਸ਼ ਸਰਕਾਰ ਨੇ ਅਜਿਹੇ ਕੇਸ ਵਿੱਚ ਸੀ ਬੀ ਆਈ ਜਾਂਚ ਸ਼ੁਰੂ ਕਰਵਾਈ ਹੈ ਤੇ ਹਰਿਆਣੇ ਵਿੱਚ ਸਕਾਲਰਸ਼ਿਪ ਘੁਟਾਲੇ ਵਿੱਚ ਕੇਸ ਦਰਜ ਹੋ ਚੁੱਕਾ ਹੈ। ਕੇਂਦਰ ਸਰਕਾਰ ਨੇ ਐਸ ਸੀ, ਐਸ ਟੀ ਅਤੇ ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਦੀ ਸਿੱਖਿਆ ਲਈ 303 ਕਰੋੜ ਦੀ ਰਕਮ ਜਾਰੀ ਕੀਤੀ ਸੀ, ਜਿਸ ਨੂੰ ਫਰਜ਼ੀ ਬੈਂਕ ਖਾਤੇ ਖੁੱਲ੍ਹਵਾ ਕੇ ਜਮ੍ਹਾਂ ਕਰਵਾਇਆ ਗਿਆ ਤੇ ਬਿਨਾਂ ਲੋੜੀਂਦੀ ਕਾਗਜ਼ੀ ਕਾਰਵਾਈ ਕੀਤੇ ਖੁਰਦ ਬੁਰਦ ਕਰ ਦਿੱਤਾ।

## ਔਰਤ ਦੇ ਫੁੱਲ ਚੁਗਣ ਵੇਲੇ ਸਿਵੇ ਵਿੱਚੋਂ ਕੈਂਚੀ ਮਿਲੀ

ਮੋਗਾ, 11 ਨਵੰਬਰ (ਪੋਸਟ ਬਿਊਰੋ)- ਪਿੰਡ ਬੁੱਧ ਸਿੰਘ ਵਾਲਾ ਵਿੱਚ ਇੱਕ ਮ੍ਰਿਤਕ ਵਿਆਹੁਤਾ ਦੇ ਫੁੱਲ ਚੁਗਣ ਵੇਲੇ ਸਿਵੇ ਦੀ ਸੁਆਹ ਵਿੱਚੋਂ ਕੈਂਚੀ ਮਿਲੀ ਹੈ। ਇਸ ਔਰਤ ਨੇ ਕੁਝ ਦਿਨ ਪਹਿਲਾਂ ਵੱਡੇ ਆਪਰੇਸ਼ਨ ਰਾਹੀਂ ਬੱਚੇ ਨੂੰ ਜਨਮ ਦਿੱਤਾ ਸੀ। ਮ੍ਰਿਤਕ ਦੇ ਪਰਵਾਰ ਨੇ ਡਾਕਟਰਾਂ ’ਤੇ ਲਾਪਰਵਾਹੀ ਦੇ ਦੋਸ਼ ਲਾਏ ਹਨ। ਦੂਜੇ ਪਾਸੇ ਸਥਾਨਕ ਜੱਚਾ ਬੱਚਾ ਵਾਰਡ ’ਚ ਤੈਨਾਤ ਮਹਿਲਾ ਡਾਕਟਰ ਨੇ ਦੋਸ਼ ਨੂੰ ਨਕਾਰਿਆ ਹੈ।

ਥਾਣਾ ਸਿਟੀ ਦੱਖਣੀ ਦੇ ਮੁਖੀ ਇੰਸਪੈਕਟਰ ਗੁਰਪ੍ਰੀਤ ਸਿੰਘ ਸਰਾਂ ਨੇ ਦੱਸਿਆ ਕਿ ਇਸ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ।ਪੀੜਤ ਪਰਵਾਰ ਮੁਤਾਬਕ ਗੀਤਾ ਕੌਰ (22) ਪਤਨੀ ਇੰਦਰਜੀਤ ਸਿੰਘ ਪਿੰਡ ਬੁੱਧ ਸਿੰਘ ਵਾਲਾ ਨੂੰ ਪਹਿਲਾ ਬੱਚਾ ਹੋਣ ’ਤੇ ਛੇ ਨਵੰਬਰ ਨੂੰ ਮੋਗਾ ਦੇ ਸਿਵਲ ਹਸਪਤਾਲ ਦਾਖਲ ਕਰਵਾਇਆ ਤਾਂ ਡਾਕਟਰਾਂ ਵੱਲੋਂ ਗੀਤਾ ਕੌਰ ਦਾ ਵੱਡਾ ਆਪਰੇਸ਼ਨ ਕੀਤਾ ਗਿਆ ਸੀ, ਜਿਸ ਤੋਂ ਲੜਕੀ ਦਾ ਜਨਮ ਹੋਇਆ। ਦੋ ਦਿਨ ਬਾਅਦ ਗੀਤਾ ਕੌਰ ਦੇ ਪੇਟ ਦਰਦ ਸ਼ੁਰੂ ਹੋ ਗਿਆ, ਜਿਸ ਨੂੰ ਫਰੀਦਕੋਟ ਹਸਪਤਾਲ ਰੈਫਰ ਕਰ ਦਿੱਤਾ ਗਿਆ, ਪਰ ਇੱਕ ਦਿਨ ਬਾਅਦ ਫਰੀਦਕੋਟ ਹਸਪਤਾਲ ਵਿੱਚ ਉਸ ਦੀ ਮੌਤ ਹੋ ਗਈ। ਪਰਵਾਰ ਨੂੰ ਫੁੱਲ ਚੁਗਣ ਸਮੇਂ ਸੁਆਹ ਵਿੱਚੋਂ ਕੈਂਚੀ ਮਿਲੀ ਹੈ। ਪਰਵਾਰ ਨੇ ਦੋਸ਼ ਲਾਇਆ ਹੈ ਕਿ ਡਾਕਟਰਾਂ ਦੀ ਅਣਗਹਿਲੀ ਕਾਰਨ ਪੇਟ ਵਿੱਚ ਕੈਂਚੀ ਰਹਿ ਗਈ ਸੀ ਜਿਸ ਨਾਲ ਮੌਤ ਹੋਈ ਹੈ।

ਸਰਕਾਰੀ ਹਸਪਤਾਲ ਦੀ ਜੱਚਾ-ਬੱਚਾ ਵਾਰਡ ਦੀ ਡਾ. ਸਿਮਰਤ ਕੌਰ ਖੋਸਾ ਨੇ ਦੱਸਿਆ ਕਿ ਗੀਤਾ ਕੌਰ ਨੂੰ ਤਿੰਨ ਦਿਨ ਪਹਿਲਾਂ ਸਾਹ ਲੈਣ ਦੀ ਦਿੱਕਤ ਆਈ ਸੀ ਜਿਸ ਕਾਰਨ ਉਸ ਨੂੰ ਫਰੀਦਕੋਟ ਰੈਫਰ ਕੀਤਾ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਉਥੇ ਦੇ ਡਾਕਟਰਾਂ ਨਾਲ ਵੀ ਉਨ੍ਹਾਂ ਦੀ ਗੱਲ ਹੋਈ ਅਤੇ ਡਾਕਟਰਾਂ ਨੇ ਦੱਸਿਆ ਕਿ ਪੂਰਾ ਪੇਟ ਖੋਲ੍ਹ ਕੇ ਚੈਕ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਵੀਡੀਓ ਦੇ ਆਧਾਰ ਉੱਤੇ ਜਿਹੜੀ ਕੈਂਚੀ ਪਾਈ ਗਈ ਹੈ, ਉਹ ਸਰਕਾਰੀ ਹਸਪਤਾਲ ਵਿੱਚ ਆਏ ਸਟਾਕ ਦੀ ਨਹੀਂ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਪੂਰੀ ਜਾਂਚ ਹੋਣੀ ਚਾਹੀਦੀ ਹੈ।

## ਵਜ਼ੀਫਾ ਘੋਟਾਲੇ ਵਿਚ ਪੰਜਾਬ ਨਾਲ ਜੁੜੀਆਂ ਸੰਸਥਾਵਾਂ ਦਾ ਰਿਕਾਰਡ ਫੋਲਿਆ ਜਾ ਚੁੱਕੈ

ਸ਼ਿਮਲਾ, 11 ਨਵੰਬਰ (ਪੋਸਟ ਬਿਊਰੋ)- ਬਹੁ-ਚਰਚਿਤ ਵਜ਼ੀਫਾ ਘੋਟਾਲੇ ਵਿੱਚ ਸੀ ਬੀ ਆਈ ਸ਼ਿਕੰਜਾ ਕੱਸ ਰਹੀ ਅਤੇ ਇਸ ਤਹਿਤ ਵੱਖ ਵੱਖ ਸਥਾਨਾਂ ’ਤੇ ਛਾਪੇ ਮਾਰੇ ਜਾ ਰਹੇ ਹਨ। ਇਸ ਦੇ ਦਾਇਰੇ ਵਿੱਚ ਆਏ ਇੱਕ ਐਜੁਕੇਸ਼ਨ ਗਰੁੱਪ ਅਤੇ ਨਾਹਨ ਦੀ ਸੰਸਥਾਵੱਲੋਂ ਕੀਤੇ ਘੋਟਾਲੇ ਬਾਰੇ ਜਾਂਚ ਏਜੰਸੀ ਪੱਕੇ ਸਬੂਤ ਇਕੱਠੇ ਚੁੱਕੀ ਹੈ, ਇਸ ਬਾਰੇ ਜਲਦ ਹੀ ਅਦਾਲਤ ਵਿੱਚ ਚਾਲਾਨ ਪੇਸ਼ ਕਰ ਦਿੱਤਾ ਜਾਵੇਗਾ। ਇਸ ਦੀ ਇੱਕ ਚਾਰਜਸ਼ੀਟ ਦਾਇਰ ਕੀਤੀ ਜਾ ਚੁੱਕੀ ਹੈ। ਘੋਟਾਲੇ ਦੀ ਤਹਿ ਤੱਕ ਜਾਣ ਦੇ ਲਈ ਜਾਂਚ ਏਜੰਸੀ ਨੇ ਵਿਦਿਆਰਥੀਆਂ ਦੇ ਬਿਆਨ ਵੀ ਦਰਜ ਕੀਤੇ ਹਨ।

ਸਿਰਮੌਰ ਵਿੱਚ 3 ਦਿਨ ਜਾਂਚ ਕੀਤੇ ਜਾਣ ਦੇ ਬਾਅਦ ਸੀ ਬੀ ਆਈ ਦੀ ਇੱਕ ਟੀਮ ਬਾਹਰੀ ਰਾਜਾਂ ਵਿੱਚ ਫਿਰ ਤੋਂ ਛਾਪੇ ਮਾਰ ਸਕਦੀ ਹੈ। ਜਾਣਕਾਰ ਸੂਤਰਾਂ ਦੇ ਅਨੁਸਾਰ ਪੰਜਾਬ ਨਾਲ ਜੁੜੀ ਇੱਕ ਸੰਸਥਾ ਦਾ ਪੂਰਾ ਰਿਕਾਰਡ ਫੋਲਿਆ ਜਾ ਚੁੱਕਾ ਹੈ ਅਤੇ ਜਾਂਚ ਵਿੱਚ ਮਿਲੇ ਦਸਤਾਵੇਜ਼ਾਂ ਦੇ ਆਧਾਰ ’ਤੇ ਬਿਆਨ ਦਰਜ ਕੀਤੇ ਜਾਣ ਦੀ ਪ੍ਰਕਿਰਿਆ ਸ਼ੁਰੂ ਹੋਵੇਗੀ।ਸੀ ਬੀ ਆਈ ਕੋਲ ਵਿਦਿਆਰਥੀਆਂ ਨੇ ਕਈ ਹੈਰਾਨੀਜਨਕ ਖੁਲਾਸੇ ਕੀਤੇ ਹਨ। ਸੂਤਰਾਂ ਦੇ ਅਨੁਸਾਰ ਵਿਦਿਆਰਥੀਆਂ ਨੇ ਦੱਸਿਆ ਹੈ ਕਿ ਕਿਸ ਤਰ੍ਹਾਂ 3 ਕਮਰਿਆਂ ਵਿੱਚ ਇੰਜੀਨੀਅਰਿੰਗ ਦੀ ਪੜ੍ਹਾਈ ਦੇ ਨਾਲ ਬੀ ਏ, ਬੀ ਕਾਮ ਅਤੇ ਕੰਪਿਊਟਰ ਐਜੂਕੇਸ਼ਨ ਨਾਲ ਜੁੜੇ ਕਈ ਕੋਰਸ ਕਰਾਏ ਜਾਂਦੇ ਹਨ। ਜਾਂਚ ਵਿੱਚ ਪਤਾ ਲੱਗਾ ਕਿ ਕੁਝ ਸੰਸਥਾਵਾਂ ਨੇ ਵਿਦਿਆਰਥੀਆਂ ਦੀ ਜਾਤੀ ਨੂੰ ਵੀ ਬਦਲ ਦਿੱਤਾ।

## ਦੋ ਕੇਂਦਰੀ ਮੰਤਰੀਆਂ ਵੱਲੋਂ 29 ਕਿਸਾਨ ਆਗੂਆਂ ਨੂੰ ਸੱਦਾ ਪੱਤਰ ਜਾਰੀ

ਖੰਨਾ, 11 ਨਵੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਕਿਸਾਨ ਜਥੇਬੰਦੀਆਂ ਦੀ ਪਹਿਲੀ ਸ਼ਰਤ ਮੰਨ ਲਈ ਤੇ ਆਖ਼ਰ ਕਿਸਾਨ ਅੰਦੋਲਨ ਤੇ ਕਿਸਾਨਾਂ ਦੀਆਂ ਸਮੱਸਿਆਵਾਂ ’ਤੇ ਵਿਚਾਰ ਕਰਨ ਲਈ ਲਿਖਤੀ ਸੱਦਾ ਪੱਤਰ ਭੇਜ ਦਿੱਤਾ ਹੈ। ਕੇਂਦਰੀ ਖੇਤੀ ਅਤੇ ਰੇਲਵੇ ਮੰਤਰੀਆਂ ਵੱਲੋਂ ਕਿਸਾਨਾਂ ਦੀਆਂ 29 ਜਥੇਬੰਦੀਆਂ ਦੇ ਮੁਖੀਆਂ ਨੂੰ 13 ਨਵੰਬਰ ਨੂੰ ਗੱਲਬਾਤ ਲਈ ਭੇਜਿਆ ਸੱਦਾ ਪੱਤਰ ਖੇਤੀ ਮੰਤਰਾਲੇ ਦੇ ਸੈਕਟਰੀ ਸੁਧਾਂਸ਼ੂ ਪਾਂਡੇ ਦੇ ਦਸਖ਼ਤਾਂ ਨਾਲ ਜਾਰੀ ਹੋਇਆ ਹੈ।

ਕਿਸਾਨਾਂ ਤੇ ਕੇਂਦਰੀ ਮੰਤਰੀਆਂ ਵਿਚਾਲੇ ਇਹ ਚਰਚਾ ਵਿਗਿਆਨ ਭਵਨ ਨਵੀਂ ਦਿੱਲੀ ਵਿੱਚ ਸਵੇਰੇ 11 ਵਜੇ ਸ਼ੁਰੂ ਹੋਵੇਗੀ। ਇਹ ਸੱਦਾ ਪੱਤਰ 32 ਦੀ ਬਜਾਏ 29 ਕਿਸਾਨ ਜਥੇਬੰਦੀਆਂ ਨੂੰ ਜਾਰੀ ਕੀਤਾ ਗਿਆ ਹੈ। ਇਨ੍ਹਾਂ 29 ਜਥੇਬੰਦੀਆਂ ’ਚ 31 ਜਥੇਬੰਦੀਆਂ ਤੋਂ ਵੱਖਰੇ ਰੂਪ ਵਿੱਚ ਅੰਦੋਲਨ ਚਲਾ ਰਹੀ ਬੀ ਕੇ ਯੂ ਏਕਤਾ ਉਗਰਾਹਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਸ ਤਰ੍ਹਾਂ 3 ਜਥੇਬੰਦੀਆਂ ਬੀ ਕੇ ਯੂ ਲੱਖੋਵਾਲ, ਕੁੱਲ ਹਿੰਦ ਕਿਸਾਨ ਫੈਡਰੇਸ਼ਨ (ਭੰਗੂ) ਅਤੇ ਕੁੱਲ ਹਿੰਦ ਕਿਸਾਨ ਫੈਡਰੇਸ਼ਨ (ਸ਼ੇਖੋਂ) ਦੇ ਨਾਂਅ ਸੱਦਾ ਪੱਤਰ ’ਚ ਸ਼ਾਮਲ ਨਹੀਂ ਹਨ।

ਪਤਾ ਲੱਗਾ ਹੈ ਕਿ ਸੱਦਾ ਪੱਤਰ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਪਹਿਲ ’ਤੇ ਜਾਰੀ ਹੋਇਆ ਹੈ, ਜਿਨ੍ਹਾਂ ਨੂੰ ਪੰਜਾਬ ਦੇ ਕਿਸਾਨ ਨੇਤਾ ਸੁਰਜੀਤ ਕੁਮਾਰ ਜਿਆਣੀ, ਹਰਜੀਤ ਸਿੰਘ ਗਰੇਵਾਲ ਤੇ ਬਿਕਰਮਜੀਤ ਸਿੰਘ ਚੀਮਾ ਇਸ ਮੰਤਵ ਲਈ ਉਚੇਚੇ ਤੌਰ ’ਤੇ ਮਿਲੇ ਸਨ। ਪਹਿਲਾਂ ਇਹ ਪਤਾ ਲੱਗਾ ਸੀ ਕਿ ਕਿਸਾਨ ਜਥੇਬੰਦੀਆਂ ਨਾਲ ਮੀਟਿੰਗ ’ਚ ਰਾਜਨਾਥ ਸਿੰਘ ਵੀ ਸ਼ਾਮਲ ਹੋਣਗੇ, ਪਰ ਜਾਰੀ ਹੋਏ ਸੱਦਾ ਪੱਤਰ ’ਚ ਸਿਰਫ਼ 2 ਕੇਂਦਰੀ ਮੰਤਰੀਆਂ ਨਰਿੰਦਰ ਸਿੰਘ ਤੋਮਰ ਤੇ ਪਿਊਸ਼ ਗੋਇਲ ਦੇ ਨਾਂਅ ਹੀ ਸ਼ਾਮਲ ਹਨ।

ਇਸ ਦੌਰਾਨ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਅਸੀਂ ਇਸ ਮੀਟਿੰਗ ’ਚ ਸ਼ਾਮਲ ਹੋਣ ਦਾ ਫ਼ੈਸਲਾ ਸੰਘਰਸ਼ ਕਰਦੀਆਂ ਸਾਰੀਆਂ ਕਿਸਾਨ ਜਥੇਬੰਦੀਆਂ ਨਾਲ ਵਿਚਾਰ ਕਰ ਕੇ ਕਰਾਂਗੇ। ਇਹ ਵੀ ਪਤਾ ਲੱਗਾ ਹੈ ਕਿ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੇ ਪ੍ਰਧਾਨ ਡਾ. ਦਰਸ਼ਨਪਾਲ ਅਤੇ ਬਲਬੀਰ ਸਿੰਘ ਰਾਜੇਵਾਲ ਯਤਨ ਕਰ ਰਹੇ ਹਨ ਕਿ ਰਹਿੰਦੀਆਂ 3 ਕਿਸਾਨ ਜਥੇਬੰਦੀਆਂ ਦੇ ਪ੍ਰਤੀਨਿਧਾਂ ਨੂੰ ਵੀ ਸੱਦਾ ਪੱਤਰ ਭੇਜਿਆ ਜਾਵੇ। ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਯਕੀਨ ਦਿਵਾਇਆ ਹੈ ਕਿ ਇਨ੍ਹਾਂ ਤਿੰਨਾਂ ਜਥੇਬੰਦੀਆਂ ਨੂੰ ਵੀ ਗੱਲਬਾਤ ਲਈ ਸੱਦਾ ਪੱਤਰ ਭੇਜ ਦਿੱਤਾ ਜਾਵੇਗਾ।

ਇਸ ਦੌਰਾਨ ਕਿਸਾਨਾਂ ਨਾਲ ਮੰਤਰੀਆਂ ਦੀ ਮੀਟਿੰਗ ਸਮੇਂ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ, ਜਨਰਲ ਸਕੱਤਰ ਸੰਗਠਨ ਦਿਨੇਸ਼ ਕੁਮਾਰ ਸ਼ਰਮਾ ਤੇ ਕੇਂਦਰੀ ਮੰਤਰੀ ਰਾਜਨਾਥ ਸਿੰਘ ਨੂੰ ਮਿਲਣ ਵਾਲੇ ਭਾਜਪਾ ਤੇ 3 ਕਿਸਾਨ ਨੇਤਾਵਾਂ ਨੂੰ ਵੀ ਦਿੱਲੀ ਬੁਲਾਇਆ ਜਾ ਸਕਦਾ ਹੈ।

### ਮੱਧ ਪ੍ਰਦੇਸ਼ ਦੀਆਂ ਉਪ ਚੋਣਾਂ:

## ਸਿੰਧੀਆ ਨੇ ਰਿਧੀ ਖੀਰ ਤੇ ਹੋ ਗਿਆ ਦਲੀਆ



ਗਵਾਲੀਅਰ, 11 ਨਵੰਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਵਿੱਚ ਕਾਂਗਰਸ ਵਿੱਚੋਂ ਨਿਕਲਣ ਪਿੱਛੋਂ ਗੱਦਾਰੀ ਕਰਨ ਦੇ ਦੋਸ਼ਾਂ ਦੌਰਾਨ ਚੋਣ ਦੰਗਲ ਵਿੱਚ ਆਪਣੇ ਸਾਥੀ ਮੰਤਰੀਆਂ-ਸਾਬਕਾ ਵਿਧਾਇਕਾਂ ਨਾਲ ਭਾਜਪਾ ਵੱਲੋਂ ਉਤਰੇ ਰਾਜ ਸਭਾ ਦੇ ਮੈਂਬਰ ਜਯੋਤਿਰਾਦਿਤਿਆ ਸਿੰਧੀਆ ਨੂੰ ਪੂਰੇ ਰਾਜ ਵਿੱਚ ਜਿੱਤ ਦੀ ਮਿੱਠੀ ਖੀਰ ਮਿਲੀ, ਪਰ ਉਨ੍ਹਾਂ ਦੇ ਘਰ ਆਪਣੇ ਗਵਾਲੀਅਰ ਚੋਣ ਹਲਕੇ ਚੰਬਲ ਵਾਲੇ ਖੇਤਰ ਵਿੱਚ ਇਸ ਦੀ ਮਿਠਾਸ ਕੁਝ ਘਟ ਗਈ ਹੈ।

ਬੀਤੇ ਸ਼ਨੀਵਾਰ ਹੋਈਆਂ ਉੱਪ ਚੋਣਾਂ ਵਿੱਚ ਇਸ ਖੇਤਰ ਦੀਆਂ ਕੁੱਲ 16 ਵਿਧਾਨ ਸਭਾ ਸੀਟਾਂ ਵਿੱਚੋਂ ਸਿੰਧੀਆ ਦਾ ਧੜਾ ਆਪਣੇ ਸਿਰਫ 9 ਉਮੀਦਵਾਰ ਹੀ ਭਾਜਪਾ ਵੱਲੋਂ ਜਿੱਤ ਦਿਵਾਉਣ ਵਿੱਚ ਕਾਮਯਾਬ ਰਿਹਾ ਹੈ। ਗਵਾਲੀਅਰ, ਮੁਰੈਨਾ, ਸ਼ਿਵਪੁਰੀ, ਦਤੀਆ ਅਤੇ ਭਿੰਡ ਜ਼ਿਲ੍ਹੇ ਵਿੱਚ ਉਨ੍ਹਾਂ ਦੇ ਸਮਰਥਕ ਉਮੀਦਵਾਰ ਵੋਟਾਂ ਦੀ ਗਿਣਤੀ ਦੇ ਅੰਤ ਤੱਕ ਖੁਸ਼ ਨਹੀਂ ਹੋ ਸਕੇ। ਹਰ ਰਾਊਂਡ ਵਿੱਚ ਕਦੇ ਭਾਜਪਾ ਤੇ ਕਦੇ ਕਾਂਗਰਸੀ ਉਮੀਦਵਾਰ ਅੱਗੇ ਜਾਂਦੇ ਰਹੇ ਸਨ। ਸਿੰਧੀਆ ਦੇ ਸਮਰਥਕ ਤਿੰਨ ਮੰਤਰੀ ਇਮਰਤੀ ਦੇਵੀ, ਗਿਰਰਾਜ ਡੰਡੌਤੀਆ ਅਤੇ ਏਦਲ ਸਿੰਘ ਕੰਸ਼ਾਨਾ ਆਪਣੇ ਹਲਕੇ ਵਿੱਚ ਚੋਣ ਹਾਰ ਗਏ।

ਇਸ ਚੋਣ ਦੌਰਾਨ ਭੜਕਾਊ ਬਿਆਨਾਂ ਦੇ ਵੀਡੀਓ ਵਾਇਰਲ ਹੋਣ ਕਾਰਨ ਚਰਚਾ ਵਿੱਚ ਆਏ ਦਤੀਆ ਦੀ ਭਾਂਡੇਰ ਵਿਧਾਨ ਸਭਾ ਸੀਟ ਤੋਂ ਕਾਂਗਰਸੀ ਉਮੀਦਵਾਰ ਫੂਲ ਸਿੰਘ ਬਰੈਈਆ ਵੀ 161 ਵੋਟਾਂ ਨਾਲ ਚੋਣ ਹਾਰ ਗਏ। ਇਥੋਂ ਭਾਜਪਾ ਦੀ ਰਕਸ਼ਾ ਸਿਰੌਨੀਆ ਜਿੱਤ ਗਈ ਹੈ।ਗਵਾਲੀਅਰ-ਚੰਬਲ ਖੇਤਰ ਵਿੱਚ ਭਾਜਪਾ ਦੇ ਪਛੜਨ ਦਾ ਕਾਰਨ ‘ਬੁੱਕਲ ਦੇ ਸੱਪ’ ਮੰਨੇ ਜਾ ਰਹੇ ਹਨ ਅਤੇ ਪਾਰਟੀ ਦੇ ਵੱਡੇ ਨੇਤਾਵਾਂ ਦਾ ਪੂਰੇ ਮਨ ਨਾਲ ਕੰਮ ਨਾ ਕਰਨਾ ਵੀ ਇਕ ਕਾਰਨ ਮੰਨਿਆ ਗਿਆ ਹੈ। ਸਭ ਤੋਂ ਵੱਡੀ ਮਿਸਾਲ ਸਾਬਕਾ ਮੰਤਰੀ ਜੈਭਾਨ ਸਿੰਘ ਪਵੈਈਆ ਦੀ ਹੈ। ਉਹ ਇਸ ਵਾਰ ਚੋਣ ਵਿੱਚ ਘੱਟ ਹੀ ਨਿਕਲੇ, ਜਦ ਕਿ ਉਨ੍ਹਾਂ ਦਾ ਪ੍ਰਭਾਵ ਸਮੁੱਚੇ ਗਵਾਲੀਅਰ-ਚੰਬਲ ਖੇਤਰ ਵਿੱਚ ਹੈ। ਪਵੈਈਆ ਬਹੁਤ ਚਿਰ ਤੋਂ ਸਿੰਧੀਆ ਪਰਵਾਰ ਦੇ ਵਿਰੋਧੀ ਰਹੇ ਹਨ। ਇਸ ਦੌਰਾਨ ਭਾਜਪਾ ਨੇ ਵੋਟਿੰਗ ਤੋਂ ਠੀਕ ਪਹਿਲਾਂ ਸੁਮਾਵਲੀ ਦੇ ਸਾਬਕਾ ਵਿਧਾਇਕ ਸਤਪਾਲ ਸਿੰਘ ਸਿਕਰਵਾਰ ਨੂੰ ਪਾਰਟੀ ਤੋਂ ਕੱਢ ਦਿੱਤਾ ਅਤੇ ਉਨ੍ਹਾਂ ਦੇ ਪਿਤਾ ਸਾਬਕਾ ਵਿਧਾਇਕ ਗਜਰਾਜ ਸਿੰਘ ਨੂੰ ਵੀ ਨੋਟਿਸ ਦੇ ਦਿੱਤਾ ਸੀ। ਉਨ੍ਹਾਂ ਉੱਤੇ ਗਦਾਰੀ ਕਰਨ ਦਾ ਦੋਸ਼ ਸੀ। ਮੁਰੈਨਾ ਦੀ ਸੁਮਾਵਲੀ ਵਿਧਾਨ ਸਭਾ ਸੀਟ ਉੱਤੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਸਭ ਤੋਂ ਜ਼ਿਆਦਾ ਚੋਣ ਰੈਲੀਆਂ ਕੀਤੀਆਂ ਸਨ, ਪਰ ਇਥੇ ਭਾਜਪਾ ਉਮੀਦਵਾਰ ਅਤੇ ਕੈਬਨਿਟ ਮੰਤਰੀ ਏਦਲ ਸਿੰਘ ਕੰਸ਼ਾਨਾ 11 ਹਜ਼ਾਰ ਵੋਟਾਂ ਨਾਲ ਚੋਣ ਹਾਰ ਗਏ।

# ਭਾਜਪਾ ਨੇ ਉੱਪ ਚੋਣਾਂ ਵਿੱਚ ਗੁਜਰਾਤ ਵਿਚ ਹੂੰਝਾ ਫੇਰ ਜਿੱਤ ਦਰਜ ਕੀਤੀ

*** ਝਾਰਖੰਡ ਵਿੱਚ ਜੇ ਐਮ ਐਮ ਅਤੇ ਕਾਂਗਰਸ ਫਿਰ ਜੇਤੂ**

ਗਾਂਧੀਨਗਰ, 11 ਨਵੰਬਰ (ਪੋਸਟ ਬਿਊਰੋ)- ਭਾਰਤ ਦੇ 11 ਰਾਜਾਂ ਵਿੱਚ ਪਿਛਲੇ ਹਫਤੇ ਹੋਈਆਂ ਵਿਧਾਨ ਸਭਾ ਉੱਪ ਚੋਣਾਂ ਦੇ ਨਤੀਜਿਆਂ ਵਿੱਚ ਬਹੁਤਾ ਕਰ ਕੇ ਭਾਜਪਾ ਦੀ ਝੰਡੀ ਰਹੀ ਹੈ।

ਭਾਜਪਾ ਨੇ ਗੁਜਰਾਤ ਦੀਆਂ ਵਿਧਾਨ ਸਭਾ ਉੱਪ ਚੋਣਾਂ ਵਿੱਚ ਸਾਰੀਆਂ ਅੱਠ ਸੀਟਾਂ ਜਿੱਤ ਲਈਆਂ ਹਨ।ਗੁਜਰਾਤ ਵਿਧਾਨ ਸਭਾ ਦੀਆਂ ਅੱਠ ਸੀਟਾਂ ਅਬਡਾਸਾ, ਲਿੰਬੜੀ, ਮੋਰਬੀ, ਧਾਰੀ, ਗੜਦਾ, ਕਰਜਨ, ਡਾਂਗ ਤੇ ਕਪਰਾੜਾ ਸੀਟਾਂ ਉੱਤੇ ਭਾਜਪਾ ਨੇ ਜਿੱਤ ਹਾਸਲ ਕੀਤੀ ਹੈ। ਕੁੱਲ 182 ਸੀਟਾਂ ਵਾਲੀ ਗੁਜਰਾਤਵਿਧਾਨ ਸਭਾ ਵਿੱਚ ਭਾਜਪਾ ਦੀਆਂ ਸੀਟਾਂ ਦੀ ਗਿਣਤੀ ਇਨ੍ਹਾਂ ਨਤੀਜਿਆਂ ਨਾਲ 111 ਹੋ ਗਈ ਹੈ। ਗੁਜਰਾਤ ਕਾਂਗਰਸ ਦੇ ਪ੍ਰਧਾਨ ਅਮਿਤ ਚਾਵੜਾ ਨੇ ਕਿਹਾ ਕਿ ਪਾਰਟੀ ਨੇ ਲੋਕਾਂ ਦੇ ਫੈਸਲੇ ਨੂੰ ਮੰਨਿਆ ਹੈ। ਉਂਜਉਨ੍ਹਾਂ ਦੋਸ਼ ਲਾਇਆ ਕਿ ਇਹ ਪਾਰਟੀ ਦੀਆਂ ਉਨ੍ਹਾਂ ਉਮੀਦਾਂ ਤੋਂ ਬਿਲਕੁਲ ਉਲਟ ਹੈ,ਕਿਉਂਕਿਆਸ ਸੀ ਕਿ ਵੋਟਰ ਵਿਧਾਇਕਾਂ ਦੀ ਖਰੀਦੋ-ਫਰੋਖਤ ਅਤੇ ਬਾਹੂਬਲ ਵਿੱਚ ਸ਼ਾਮਲ ਭਾਜਪਾ ਨੂੰ ਸਬਕ ਸਿਖਾਉਣਗੇ। ਭਾਜਪਾ ਨੇ ਕਾਂਗਰਸ ਵੱਲੋਂ ਲਾਏ ਦੋਸ਼ਾਂ ਨੂੰ ਰੱਦ ਕਰ ਦਿੱਤਾ ਹੈ। ਮੁੱਖ ਮੰਤਰੀ ਵਿਜੈ ਰੁਪਾਨੀ ਨੇ ਕਿਹਾ ਕਿ ਵੋਟਰਾਂ ਨੇ ਕਾਂਗਰਸ ਦੀ ਨਾਂਹ-ਪੱਖੀ ਮੁਹਿੰਮ ਨੂੰ ਰੱਦ ਕਰ ਦਿੱਤਾ ਹੈ। ਉਨ੍ਹਾਂ ਕਿਹਾ, “ਭਾਜਪਾ ਅੱਜ ਬਿਹਾਰ, ਉਤਰ ਪ੍ਰਦੇਸ਼, ਮੱਧ ਪ੍ਰਦੇਸ਼ ਜਾਂ ਗੁਜਰਾਤ ਸਣੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਜਿੱਤ ਰਹੀ ਹੈ ਤਾਂ ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਵੱਲੋਂ ਕੀਤੇ ਕੰਮਾਂ ਦਾ ਨਤੀਜਾ ਹੈ।’



ਇਸੇ ਤਰ੍ਹਾਂ ਭਾਜਪਾ ਨੇ ਕਰਨਾਟਕ ਦੀਆਂ ਦੋ ਵਿਧਾਨ ਸਭਾ ਉੱਪ ਚੋਣਾਂ ਵਿੱਚ ਸਿਰਾ ਅਤੇ ਰਾਜਾ ਰਾਜੇਸ਼ਵਰੀ ਨਗਰ ਵਿੱਚ ਜਿੱਤ ਹਾਸਲ ਕੀਤੀ ਹੈ। ਭਾਜਪਾ ਨੇ ਟੁਮਕੁਰ ਜ਼ਿਲ੍ਹੇ ਦੀ ਸਿਰਾ ਵਿਧਾਨ ਸਭਾ ਸੀਟ ਉਤੇ ਪਹਿਲੀ ਵਾਰ ਜਿੱਤ ਹਾਸਲ ਕਰ ਕੇ ਇਤਿਹਾਸ ਸਿਰਜਿਆ ਹੈ।

ਉਧਰ ਝਾਰਖੰਡ ਵਿਚ ਸੱਤਾਧਾਰੀ ਝਾਰਖੰਡ ਮੁਕਤੀ ਮੋਰਚਾ (ਜੇ ਐਮ ਐਮ) ਦੀ ਅਗਵਾਈ ਵਿੱਚ ਗੱਠਜੋੜ ਨੇ ਝਾਰਖੰਡ ਵਿਧਾਨ ਸਭਾ ਜ਼ਿਮਨੀ ਚੋਣਾਂ ਵਿੱਚ ਦੁਮਕਾ ਅਤੇ ਬਰਮੋ ਸੀਟਾਂ ਜਿੱਤ ਲਈਆਂ ਹਨ। ਮੁੱਖ ਮੰਤਰੀ ਹੇਮੰਤ ਸੋਰੇਨ ਦੇ ਛੋਟੇ ਭਰਾ ਅਤੇ ਜੇ ਐਮ ਐਮ ਦੇ ਉਮੀਦਵਾਰ ਬਸੰਤ ਸੋਰੇਨ ਨੇ ਦੁਮਕਾ ਸੀਟ ਤੋਂ ਭਾਜਪਾ ਦੇ ਉਮੀਦਵਾਰ ਲੂਈਸ ਮਰਾਂਡੀ ਨੂੰ 6500 ਵੋਟਾਂ ਨਾਲ ਹਰਾਇਆ ਹੈ। ਦੂਸਰੀ ਸੀਟ ਕਾਂਗਰਸ ਪਾਰਟੀ ਨੇ ਜਿੱਤੀ ਹੈ।

ਛੱਤੀਸਗੜ੍ਹ ਦੀ ਮਰਵਾਹੀ ਵਿਧਾਨ ਸਭਾ ਸੀਟ ਸੱਤਾਧਾਰੀ ਕਾਂਗਰਸ ਨੇ ਜਿੱਤ ਲਈ ਹੈ। ਕਾਂਗਰਸ ਉਮੀਦਵਾਰ ਨੇ ਭਾਜਪਾ ਉਮੀਦਵਾਰ ਨੂੰ 38,197 ਵੋਟਾਂ ਨਾਲ ਹਰਾ ਦਿੱਤਾ ਹੈ।

ਤਿਲੰਗਾਨਾ ਵਿੱਚ ਭਾਜਪਾ ਉਮੀਦਵਾਰ ਐਮ ਰਘੂਨੰਦਨ ਰਾਓ ਨੇ ਦੁੱਬਾਕ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਜਿੱਤ ਲਈ ਹੈ। ਮਨੀਪੁਰ ਵਿੱਚ ਪੰਜ ਵਿਧਾਨ ਸਭਾ ਸੀਟਾਂ ਲਈ ਹੋਈਆਂ ਜ਼ਿਮਨੀ ਚੋਣਾਂ ਵਿੱਚ ਭਾਜਪਾ ਨੇ ਦੋ ਅਤੇ ਇੱਕ ਥਾਂ ਆਜ਼ਾਦ ਉਮੀਦਵਾਰ ਨੇ ਜਿੱਤ ਹਾਸਲ ਕੀਤੀ ਹੈ। ਇਸ ਤਰ੍ਹਾਂ ਉਤਰ ਪ੍ਰਦੇਸ਼ ਵਿੱਚ ਸੱਤ ਵਿਧਾਨ ਸਭਾ ਸੀਟਾਂ ਵਿੱਚੋਂ ਭਾਜਪਾ ਨੇ ਛੇ ਅਤੇ ਸਮਾਜਵਾਦੀ ਪਾਰਟੀ ਨੇ ਇੱਕ ਸੀਟ ਜਿੱਤ ਹੈ। ਨਾਗਾਲੈਂਡ ਵਿਧਾਨ ਸਭਾ ਜ਼ਿਮਨੀ ਚੋਣ ਦੀ ਇੱਕੋ-ਇੱਕ ਸੀਟ ਸੱਤਾਧਾਰੀ ਪਾਰਟੀ ਐਨ ਡੀ ਪੀ ਪੀ ਨੇ ਜਿੱਤੀ ਹੈ।

ਇਸ ਦੌਰਾਨ ਰਾਜਸਥਾਨ ਦੀ ਰਾਜਧਾਨੀ ਜੈਪੁਰ ਸਣੇ ਤਿੰਨ ਪ੍ਰਮੁੱਖ ਸ਼ਹਿਰਾਂ ਵਿੱਚ ਛੇ ਨਗਰ ਨਿਗਮਾਂ ਦੇ ਮੇਅਰਾਂ ਦੀਆਂ ਚੋਣਾਂ ਹੋਈਆਂ, ਜਿਨ੍ਹਾਂ ਵਿੱਚ ਸੱਤਾਧਾਰੀ ਕਾਂਗਰਸ ਪਾਰਟੀ ਚਾਰ ਨਿਗਮਾਂ ਵਿੱਚ ਆਪਣੇ ਮੇਅਰ ਬਣਾਉਣ ਵਿੱਚ ਸਫਲ ਰਹੀ ਹੈ, ਜਦ ਕਿ ਦੋ ਨਿਗਮਾਂ ਵਿੱਚ ਭਾਜਪਾ ਦੇ ਉਮੀਦਵਾਰ ਜਿੱਤੇ ਹਨ।

ਹਰਿਆਣਾ ਵਿੱਚ ਬਰੋਦਾ ਵਿਧਾਨ ਸਭਾ ਹਲਕੇ ਲਈ ਹੋਈ ਜ਼ਿਮਨੀ ਚੋਣ ਵਿੱਚ ਕਾਂਗਰਸੀ ਉਮੀਦਵਾਰ ਇੰਦੂ ਰਾਜ ਨਰਵਾਲ ਨੇ ਭਾਜਪਾ ਉਮੀਦਵਾਰ ਯੋਗੇਸ਼ਵਰ ਦੱਤ ਨੂੰ ਹਰਾਇਆ ਹੈ। ਨਰਵਾਲ ਕਰੀਬ ਦਸ ਹਜ਼ਾਰ ਵੋਟਾਂ ਦੇ ਫਰਕ ਨਾਲ ਜੇਤੂ ਰਹੇ ਹਨ। ਇਸ ਤਰ੍ਹਾਂ ਵਿਰੋਧੀ ਧਿਰ ਕਾਂਗਰਸ ਨੇ ਇਹ ਸੀਟ ਆਪਣੇ ਕੋਲ ਕਾਇਮ ਰੱਖੀ ਹੈ। ਓਲੰਪੀਅਨ ਪਹਿਲਵਾਨ ਦੱਤ ਇਸ ਹਲਕੇ ਵਿੱਚੋਂ ਦੂਜੀ ਵਾਰ ਹਾਰੇ ਹਨ। ਇਸ ਤੋਂ ਪਹਿਲਾਂ 2019 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਦੱਤ ਨੂੰ ਕਾਂਗਰਸੀ ਉਮੀਦਵਾਰ ਕ੍ਰਿਸ਼ਨ ਹੁੱਡਾ ਨੇ 4800 ਵੋਟਾਂ ਦੇ ਫਰਕ ਨਾਲ ਹਰਾਇਆ ਸੀ। ਹੁੱਡਾ ਦੀ ਅਪ੍ਰੈਲ ਵਿੱਚ ਮੌਤ ਹੋ ਜਾਣ ਨਾਲ ਸੀਟ ਖਾਲੀ ਹੋ ਗਈ ਸੀ।



# ਟਰੰਪ ਵੱਲੋਂ ਦੋਸ਼, ਕੋਰੋਨਾ ਦੇ ਟੀਕੇ ਦਾ ਐਲਾਨ ਚੋਣਾਂ ਤੋਂ ਪਹਿਲਾਂ ਜਾਣ-ਬੁੱਝ ਕੇ ਨਹੀਂ ਸੀ ਕੀਤਾ ਗਿਆ

ਵਾਸ਼ਿੰਗਟਨ, 11 ਨਵੰਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਖੁਰਾਕ ਅਤੇ ਦਵਾਈ ਪ੍ਰਸ਼ਾਸਨ (ਐਫ ਡੀ ਏ) ਅਤੇ ਦਵਾਈ ਕੰਪਨੀ ਫਾਈਜ਼ਰ 'ਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਨੇ ਚੋਣ ਤੋਂ ਪਹਿਲਾਂ ਕੋਰੋਨਾ ਦੇ ਟੀਕੇ ਦਾ ਐਲਾਨ ਜਾਣ ਬੁੱਝ ਕੇ ਨਹੀਂਕੀਤਾ, ਕਿਉਂਕਿ ਇਸ ਨਾਲ ਉਨ੍ਹਾਂ ਦੀ ਜਿੱਤ ਹੋ ਸਕਦੀ ਸੀ।



ਇਸ ਬਾਰੇ ਟਰੰਪ ਨੇ ਟਵੀਟ ਕਰਦੇ ਹੋਏ ਕਿਹਾ ਕਿ ਐਫ ਡੀ ਏ ਅਤੇ ਡੈਮੋਕ੍ਰੇਟਸ ਚੋਣ ਤੋਂ ਪਹਿਲਾਂ ਮੈਨੂੰ ਟੀਕੇ ਦਾ ਸਿਹਰਾ ਨਹੀਂ ਦੇਣਾ ਚਾਹੁੰਦੇ ਸਨ, ਕਿਉਂਕਿ ਇਸ ਨਾਲ ਮੈਨੂੰ ਚੋਣ ਵਿੱਚ ਜਿੱਤ ਮਿਲ ਸਕਦੀ ਸੀ। ਖਾਸ ਗੱਲ ਇਹ ਹੈ ਕਿ ਟੀਕੇ ਦਾ ਐਲਾਨ ਚੋਣਾਂ ਦੇ ਪੰਜ ਦਿਨ ਪਿੱਛੋਂ ਕੀਤਾ ਗਿਆ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲੇ ਫਾਈਜ਼ਰ ਨੇ ਦਾਅਵਾ ਕੀਤਾ ਸੀ ਕਿ ਉਸ ਦਾ ਟੀਕਾ ਕੋਰੋਨਾ ਦੀ ਬਿਮਾਰੀ ਨੂੰ ਰੋਕਣ ਵਿੱਚ ਨੱਬੇ ਫੀਸਦੀ ਕਾਰਗਰ ਹੈ। ਫਾਈਜ਼ਰ ਨੇ ਇਸ ਬਾਰੇ ਕੁਝ ਵਿਸਥਾਰ ਨਾਲ ਨਹੀਂ ਦੱਸਿਆ, ਪਰੰਤੂ ਕਿਹਾ ਕਿ ਅਧਿਐਨ ਦੇ ਅੰਤ ਤੱਕ ਨਤੀਜੇ ਵਿੱਚ ਬਦਲਾਅ ਹੋ ਸਕਦਾ ਹੈ।

ਇਸ ਦੌਰਾਨ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਈਡਨ ਵੱਲੋਂ ਬਣਾਈ ਗਈ ਕੋਰੋਨਾ ਟਾਸਕ ਫੋਰਸ ਵਿੱਚ ਦੋ ਭਾਰਤੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਮੂਲ ਰੂਪ ਤੋਂ ਕਰਨਾਟਕ ਦੇ ਵਸਨੀਕ ਡਾ. ਵਿਵੇਕ ਮੂਰਤੀ ਨੂੰ ਜਿੱਥੇ ਇਸ ਟਾਸਕ ਫੋਰਸ ਦਾ ਕੋ-ਚੇਅਰਮੈਨ ਬਣਾਇਆ ਗਿਆ ਹੈ, ਉਥੇ ਡਾ. ਅਤੁਲ ਗਵਾਂਡੇ ਨੂੰ ਟਾਸਕ ਫੋਰਸ ਦਾ ਮੈਂਬਰ ਬਣਾਇਆ ਗਿਆ ਹੈ। ਮੂਲ ਰੂਪ ਤੋਂ ਮਹਾਰਾਸ਼ਟਰ ਤੋਂ ਆਏ ਅਤੁਲ ਗਵਾਂਡੇ ਨੇ ਇਸ ਜ਼ਿੰਮੇਵਾਰੀ ਲਈ ਬਾਈਡਨ ਪ੍ਰਸ਼ਾਸਨ ਦਾ ਧੰਨਵਾਦ ਕੀਤਾ ਹੈ। ਕਰਨਾਟਕ ਦੇ ਵਸਨੀਕ ਮੂਰਤੀ ਸਾਲ 2014 ਤੋਂ 2017 ਤੱਕ ਅਮਰੀਕਾ ਦੇ 19ਵੇਂ ਜਨਰਲ ਸਰਜਨ ਰਹੇ ਹਨ।

# ਰੂਸ ਦੇ ਦਖਲ ਨਾਲ ਆਰਮੇਨੀਆ ਤੇ ਅਜ਼ਰਬੇਜਾਨ ਵਿਚਾਲੇ ਲੜਾਈ ਖਤਮ

ਯੇਰੇਵਾਨ, 11 ਨਵੰਬਰ (ਪੋਸਟ ਬਿਊਰੋ)- ਡੇਢ ਮਹੀਨੇ ਤੋਂ ਚੱਲਦੀ ਆ ਰਹੀ ਲੜਾਈ ਦੇ ਬਾਅਦ ਕੱਲ੍ਹ ਆਰਮੇਨੀਆ ਅਤੇ ਅਜ਼ਰਬੇਜਾਨ ਦੋਵਾਂ ਨੇ ਅਜ਼ਰਬੇਜਾਨ ਸਰਹੱਦ ਵਿੱਚ ਮੌਜੂਦ ਅਤੇ ਆਰਮੇਨੀਆਈ ਜਾਤੀ ਗਰੁੱਪ ਵੱਲੋਂ ਕੰਟਰੋਲ ਨਾਗੋਰਨੋ-ਕਾਰਾਬਾਖ ਖੇਤਰ ਵਿੱਚਰੂਸ ਦੇ ਦਖਲ ਨਾਲ ਲੜਾਈ ਖਤਮ ਕਰਨ ਦਾ ਐਲਾਨ ਕੀਤਾ ਹੈ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਦੋਵਾਂ ਦੇਸ਼ਾਂ ਨੂੰ ਜੰਗਬੰਦੀ ਦੇ ਲਈ ਰਾਜ਼ੀ ਕੀਤਾ ਹੈ। ਰੂਸ ਦੀਆਂ ਫੌਜਾਂ ਇਸ ਜੰਗਬੰਦੀ ਸਮਝੌਤੇ ਦੀ ਨਿਗਰਾਨੀ ਕਰਨਗੀਆਂ। ਸਮਝੌਤੇ ਦੇ ਤਹਿਤ ਤਕਰਬੀਨ 2000 ਰੂਸੀ ਸ਼ਾਂਤੀ ਰੱਖਿਅਕ ਇਲਾਕੇ ਵਿੱਚ ਤਾਇਨਾਤ ਹੋਣਗੇ।



ਜੰਗ ਖਤਮ ਹੋਣ ਪਿੱਛੋਂ ਖੁਸ਼ੀ ਮਨਾਉਂਦੇ ਹੋਏ ਅਜ਼ਰਬੇਜਾਨ ਦੇ ਲੋਕ।

ਆਰਮੇਨੀਆ ਦੇ ਪ੍ਰਧਾਨ ਮੰਤਰੀ ਨਿਕਾਲੇ ਪਸ਼ੀਨਈਨ ਨੇ ਫੇਸਬੁੱਕ 'ਤੇ ਲਿਖਿਆ ਕਿ ਉਨ੍ਹਾਂ ਨੇ ਰੂਸ ਤੇ ਅਜ਼ਰਬੇਜਾਨ ਨਾਲ ਜੰਗਬੰਦੀ ਦੇ ਸਮਝੌਤੇ 'ਤੇ ਦਸਖਤ ਕੀਤੇ ਹਨ। ਉਨ੍ਹਾਂ ਨੇ ਕਿਹਾ ਕਿ ਇਹ ਸਮਝੌਤਾ ਕਰਨਾ ਉਨ੍ਹਾਂ ਦੇਲਈ ਦੁੱਖਦਾਈ ਹੈ, ਪਰ ਲੋਕਾਂ ਦੀ ਜਾਨ ਬਚਾਉਣ ਦੇ ਲਈ ਜ਼ਰੂਰੀ ਸੀ।ਆਰਮੇਨੀਆ ਦੀ ਰਾਜਧਾਨੀ ਯੇਰੇਵਾਨ ਦੇ ਮੁੱਖ ਚੌਕ 'ਤੇ ਹਜ਼ਾਰਾਂ ਲੋਕ ਜਮ੍ਹਾ ਹੋਏ ਤੇ ਸਮਝੌਤ ਦਾ ਵਿਰੋਧ ਕੀਤਾ। ਪ੍ਰਦਰਸ਼ਨਕਾਰੀ ਨਾਅਰੇ ਲਾ ਰਹੇ ਸਨ ਕਿ ਅਸੀਂ ਆਪਣੀ ਜ਼ਮੀਨ ਨਹੀਂਦੇ ਸਕਦੇਅਤੇ ਪਸ਼ੀਨਈਨ ਦਾ ਬਦਲ ਤਲਾਸ਼ ਰਹੇ ਹਾਂ। ਸੋਵੀਅਤ ਰੂਸ ਦੀ ਵੰਡ ਪਿੱਛੋਂ 1991 ਵਿੱਚ ਨਾਗੋਰਨੋ-ਕਾਰਾਬਾਖ ਨੂੰ ਅਜ਼ਰਬੇਜਾਨ ਨੂੰ ਦੇ ਦਿੱਤਾ ਗਿਆ ਸੀ। ਇਸ ਸੂਬੇ ਵਿੱਚ ਵਧੇਰੇ ਆਬਾਦੀ ਆਰਮੇਨੀਆ ਈਸਾਈ ਭਾਈਚਾਰੇ ਦੀ ਹੈ।



ਮਿਲਟਰੀ ਅਫਸਰਾਂ ਨੂੰ ਮਿਲਦੇ ਹੋਏ ਅਰਮੀਨੀਆ ਦੇ ਪ੍ਰਧਾਨ ਮੰਤਰੀ ਨਿਕਾਲੇ ਪਸ਼ੀਨਈਨ।



ਜੰਗ ਦੀ ਤਬਾਹੀ ਮਗਰੋਂ ਬਚਿਆ ਸਾਮਾਨ ਇਕੱਠਾ ਕਰਦਾ ਅਰਮੀਨੀਅਨ ਨਿਵਾਸੀ।

# ਮਸਜਿਦ ਦੀ ਖੁਦਾਈ ਮੌਕੇ ਸ਼ੇਰ-ਏ-ਪੰਜਾਬ ਦਾ ਤੋਸ਼ਾਖਾਨਾ ਮਿਲ ਗਿਆ

ਲਾਹੌਰ, 11 ਨਵੰਬਰ (ਪੋਸਟ ਬਿਊਰੋ)- ਲਾਹੌਰ ਦੇ ਵਿਸ਼ਵ ਪ੍ਰਸਿੱਧ ਸ਼ਾਹੀ ਕਿਲ੍ਹੇ ਵਿੱਚ 17ਵੀਂ ਸਦੀ ਦੀ ਮੋਤੀ ਮਸਜਿਦ ਦੀ ਖੁਦਾਈ ਦੌਰਾਨ ਉਸ ਦੇ ਹੇਠਾਂ ਸਿੱਖ ਰਾਜ ਸਮੇਂ ਦਾ ਤੋਸ਼ਾਖਾਨਾ ਮਿਲਿਆ ਹੈ। ਦੱਸਿਆ ਜਾ ਰਿਹਾ ਹੈ ਕਿਲ੍ਹੇ ਅੰਦਰ ਮੌਜੂਦ ਇਸ ਮਸਜਿਦ 'ਚ ਵਾਲਡ ਸਿਟੀ ਲਾਹੌਰ ਅਥਾਰਿਟੀ ਵੱਲੋਂ ਮੁਰੰਮਤ ਦਾ ਕੰਮ ਚੱਲ ਰਿਹਾ ਹੈ। ਇਹ ਕਿਲ੍ਹਾ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਅਤੇ ਗੁਰਦੁਆਰਾ ਡੇਹਰਾ ਸਾਹਿਬ ਦੇ ਬਿਲਕੁਲ ਸਾਹ-ਮਣੇ ਹੈ।

ਵਰਨਣ ਯੋਗ ਹੈ ਕਿ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਲਾਹੌਰ ਦੇ ਇਸ ਸ਼ਾਹੀ ਕਿਲ੍ਹੇ ਵਿੱਚ ਮੋਤੀ ਮਸਜਿਦ ਬਣਵਾਈ ਸੀ। ਉਨ੍ਹਾਂ ਦੇ ਬਾਅਦ ਸ਼ਾਹ ਜਹਾਨ ਨੇ ਵੀ ਇਸ ਮਸਜਿਦ ਦੇ ਕੁਝ ਹਿੱਸੇ ਦੀ ਉਸਾਰੀ ਕਰਵਾਈ ਸੀ। ਮਹਾਰਾਜਾ ਰਣਜੀਤ ਸਿੰਘ ਵੱਲੋਂ ਲਾਹੌਰ ਉੱਤੇ ਆਪਣਾ ਅਧਿਕਾਰ ਜਮਾਉਣ ਪਿੱਛੋਂਉਨ੍ਹਾਂ ਸ਼ਾਹੀ ਕਿਲ੍ਹੇ 'ਚ ਕਈ ਉਸਾਰੀ ਕਾਰਜ ਕਰਵਾਏ ਅਤੇ ਕਈ ਨਵੇਂ ਮੈਮੋਰੀਅਲਜ਼ ਦੀ ਉਸਾਰੀ ਕਰਵਾਈ। ਉਸੇ ਵੇਲੇ ਉਸ ਮਸਜਿਦ ਨੂੰ ਮੰਦਰ ਦਾ ਰੂਪ ਦੇ ਦਿੱਤਾ ਗਿਆ। ਸ਼ੇਰ-ਏ-ਪੰਜਾਬ ਨੇ ਮੋਤੀ ਮੰਦਰ ਵਿੱਚ ਤਬਦੀਲ ਕੀਤੀ ਮੋਤੀ ਮਸਜਿਦ ਨੂੰ ਸਿੱਖ ਰਾਜ ਦੇ ਖਜ਼ਾਨਾ ਸਥਾਨ ਭਾਵ ਤੋਸ਼ਾਖਾਨਾ ਵਜੋਂ ਚੁਣਿਆ ਸੀ। ਦੱਸਿਆ ਜਾਂਦਾ ਹੈ ਕਿ ਸੰਨ 1849 'ਚ ਜਦੋਂ ਸ਼ਾਹੀ ਕਿਲ੍ਹਾ ਅੰਗਰੇਜ਼ਾਂ ਦੇ ਕਬਜ਼ੇ ਆ ਗਿਆ ਸੀ ਤਾਂ ਮੋਤੀ ਮਸਜਿਦ ਬਨਾਮ ਮੋਤੀ ਮੰਦਰ ਦੇ ਕੋਲ ਖੁਦਾਈ 'ਚ ਉਨ੍ਹਾਂ ਨੂੰ ਕਈ ਕੀਮਤੀ ਮੋਤੀ, ਹੀਰੇ ਅਤੇ ਗਹਿਣੇ ਮਿਲੇ ਸਨ। ਵਾਲਡ ਸਿਟੀ ਲਾਹੌਰ ਅਥਾਰਿਟੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਮਸਜਿਦ ਦੇ ਬਰਾਂਮਦੇ 'ਚ ਜਿਸ ਜਗ੍ਹਾ ਸਿੱਖ ਰਾਜ ਦਾ ਉਕਤ ਤੋਸ਼ਾਖਾਨਾ ਮਿਲਿਆ ਹੈ, ਉਥੇ ਕਈ ਕਮਰੇ ਬਣੇ ਹੋਏ ਹਨ। ਨਾਨਕਸਾਹੀ ਇੱਟਾਂ ਨਾਲ ਬਣੇ ਇਨ੍ਹਾਂ ਕਮਰਿਆਂ ਦੀਆਂ ਕੰਧਾਂ ਚਾਰ ਫੁੱਟ ਤੋਂ ਵੱਧ ਚੌੜੀਆਂ ਹਨ। ਇਨ੍ਹਾਂ ਦੇ ਉਪਰ ਪੱਕਾ ਫ਼ਰਸ਼ ਪਿਆ ਹੋਣ ਕਰਕੇ ਅਜੇ ਤੱਕ ਇਨ੍ਹਾਂ ਬਾਰੇ ਕਿਸੇ ਨੂੰ ਪਤਾਨਹੀਂ ਸੀ। ਅਧਿਕਾਰੀਆਂ ਅਨੁਸਾਰ ਹਾਲੇ ਆਮ ਯਾਤਰੂਆਂ ਦੇ ਉਥੇ ਜਾਣ 'ਤੇ ਰੋਕ ਲਾਈ ਗਈ ਹੈ ਅਤੇ ਸੰਭਾਵਨਾ ਹੈ ਕਿ ਉਥੇ ਖੁਦਾਈ ਕਰਨ 'ਤੇ ਤੋਸ਼ਾਖਾਨਾ ਨਾਲ ਸਬੰਧਤ ਕਈ ਹੋਰ ਨਵੀਂਆਂ ਜਾਣਕਾਰੀਆਂ ਮਿਲ ਸਕਦੀਆਂ ਹਨ।

# ਮੀਰਪੁਰ ਖ਼ਾਸ ਦੇ ਗੁਰਦੁਆਰੇ ਉੱਤੇ ਕਬਜ਼ੇ ਦਾ ਕੇਸ ਲਾਹੌਰ ਹਾਈ ਕੋਰਟ ਪਹੁੰਚਿਆ



ਲਾਹੌਰ, 11 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸੂਬਾ ਸਿੰਧ ਦੇ ਜ਼ਿਲਾ ਮੀਰਪੁਰ ਖ਼ਾਸ ਵਿੱਚ ਪੈਂਦੇ ਇਤਿਹਾਸਕ ਗੁਰਦੁਆਰੇ ਨੂੰ ਕਬਜ਼ੇ ਤੋਂ ਛੁਡਾਉਣ ਲਈ ਪਾਕਿ-ਸਤਾਨ ਹਿੰਦੂ ਕੌਂਸਲ ਨੇ ਸਿੰਧ ਹਾਈ ਕੋਰਟ 'ਚ ਅਪੀਲ ਕੀਤੀ ਹੈ, ਜਿਸ ਵਿੱਚ ਇਸ ਗੁਰਦੁਆਰੇ ਦੀ ਇਮਾਰਤ ਨੂੰ ਕਿਸੇ ਨਿਜ਼ਾਮੂਦੀਨ ਨਾਂਅ ਦੇ ਵਿਅਕਤੀ ਨੂੰ ਪਟੇ ਉੱਤੇ ਦਿੱਤੇ ਦੇ ਮਾਮਲੇ ਉੱਤੇ ਗੰਭੀਰ ਇਤਰਾਜ਼ ਦਾਇਰ ਕੀਤਾ ਗਿਆ ਹੈ।

ਦੱਸਿਆ ਜਾਂਦਾ ਹੈ ਕਿ ਇਹ ਗੁਰਦੁ-ਆਰਾ ਗੁਰੂ ਨਾਨਕ ਦੇਵ ਜੀ ਦੇ ਮੀਰਪੁਰ ਖ਼ਾਸ ਵਿਖੇ ਆਉਣ ਦੀ ਯਾਦ ਵਿੱਚ ਸੰਗਤ ਨੇ ਉਸਾਰਿਆ ਸੀ। ਗੁਰਦੁਆਰਾ ਸਾਹਿਬ ਦੇ ਮੁੱਖ ਦਰਵਾਜ਼ੇ 'ਤੇ ਲੱਗੀ ਪੱਥਰ ਦੀ ਸਿਲ 'ਤੇ ਗੁਰਮੁਖੀ ਸ਼ਬਦਾਂ ਵਿੱਚ 'ਪੰਜਾਬੀ ਸਿੱਖ ਗੁਰਦੁਆਰਾ ਮੀਰਪੁਰ ਖ਼ਾਸ' ਉਕਰਿਆ ਅੱਜ ਤੱਕ ਵੀ ਸਾਫ਼ ਪੜ੍ਹਿਆ ਜਾ ਸਕਦਾ ਹੈ। ਸਿੰਧ ਹਾਈ ਕੋਰਟ ਦੇ ਮੁੱਖ ਜੱਜ ਵੱਲੋਂ ਇਸ ਅਪੀਲ ਉਤੇ ਕਰਵਾਈ ਦੇ ਦੌਰਾਨ ਦੋ ਜੱਜਾਂ ਦੀ ਬੈਂਚ ਨੇ ਪਾਕਿਸਤਾਨ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ (ਈ ਟੀ ਪੀ ਬੀ) ਦੇ ਚੇਅਰਮੈਨ, ਧਾਰਮਿਕ ਮਾਮਲਿਆਂ ਦੇ ਸੈਕਟਰੀ ਅਤੇ ਕੇਂਦਰ ਤੇ ਸੂਬੇ ਦੇ ਕਾਨੂੰਨ ਅਫ਼ਸਰਾਂ ਨੂੰ ਅਗਲੀ ਸੁਣਵਾਈ ਮੌਕੇ ਅਦਾਲਤ 'ਚ ਪੇਸ਼ ਹੋਣ ਦੇ ਨੋਟਿਸ ਜਾਰੀ ਕਰਨ ਦੇ ਹੁਕਮ ਦਿੱਤੇ ਹਨ।

ਮਿਲੀ ਜਾਣਕਾਰੀ ਅਨੁਸਾਰ ਪਾਕਿ-ਸਤਾਨ ਹਿੰਦੂ ਕੌਂਸਲ ਨੇ ਪਟੀਸ਼ਨ 'ਚ ਲਿਖਿਆ ਹੈ ਕਿ ਮੀਰਪੁਰ ਖ਼ਾਸ ਵਿਖੇ ਐਮ ਏ ਜਿਨਾਹ ਰੋਡ ਉੱਤੇ ਇੱਕ ਆਲੀਸ਼ਾਨ ਇਤਿਹਾਸਕ ਗੁਰਦੁਆਰਾ ਸਾਹਿਬ ਦੀ ਇਮਾਰਤ 30 ਸਾਲਾਂ ਲਈ ਗ਼ੈਰ-ਕਾਨੂੰਨੀ ਅਤੇ ਗ਼ੈਰ-ਸੰਵਿਧਾਨਿਕ ਤੌਰ ਉੱਤੇ ਨਿਜ਼ਾਮੂਦੀਨ ਨਾਂਅ ਦੇ ਵਿਅਕਤੀ ਨੂੰ ਪਟੇ 'ਤੇ ਦਿੱਤੀ ਗਈ ਸੀ ਅਤੇ ਇਸ ਲੀਜ਼ ਨੂੰ ਖ਼ਤਮ ਹੋਇਆਂ ਵੀ ਲੰਬਾ ਸਮਾਂ ਬੀਤ ਚੁੱਕਿਆ ਹੈ।



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

jobs! jobs! jobs! jobs! jobs!

DUNDAS-JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

CALL TODAY FOR ANY CLASSIFIED OR MATRIMONIAL AD !!!
905-793-2202

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment (416) 970-5005
Century 21 President Realty Inc Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $58 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 416-822-2590
Ants, Wasp, Centepede, Fleas, Bed Bugs

You can Place Your Business Here
To Reach Wider Audience
(905)793-2202

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844**
**Email : matchjatt2018@gmail.com**



Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ:647-569-3479 ਜਾਂ ਵਟਸਐਪ +91-94640-41287


ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654



UPPAL LAW
AVTAR UPPAL Manager
IMMIGRATION SERVICES
* Visitor Visa * Family Sponsorship
* Super Visa * Permanent Residence
* Study,Work,Visitor Extension Visa * Card Renewal
* Citizenship Application
* Spousal Applications * All Invitation Letters
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL Barrister,Solicitor
FREE Consultation
* PRIOR APPOINTMENT NECESSARY



ਫੋਨਾਂ ਦੇ ਸਸਤੇ ਪਲਾਨ ਗਾਂਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
ਹਰ ਤਰ੍ਹਾਂ ਦੀ ਵਧੀਆ ਪੇਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com


NEW CONDOS COMING SOON
Beautiful nature, luxurious amenities, a rooftop lifestyle park, close to urban conveniences, in vibrant downtown Mississauga.
Starting From $440,900
CANOPY TOWERS
Canopy Towers - Building A
Exterior Rendering - Dusk View by Liberty Development
FREE ASSIGNMENT
PERMISSION TO LEASE DURING OCCUPANCY
CAPPED DEVELOPMENT CHARGERS
QUICK FACTS
Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites
EXTENDED DEPOSIT STRUCTURE
$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy
Residential
Commercial
Investment
Century 21
President Realty Inc
Brokerage*
Independently Owned and Operated.
Grewalhomes.com
Jagdish Grewal
Sales Representative
416 877-6464
or E-mail Jagdish@grewalhomes.com


ASIAN FOOD CENTRE
KARWA CHAUTH DIWALI SALE
www.AsianFoodCentre.com
30TH OCT TO 15TH NOV 2020
Fresh Fruits, Vegetables, Indian & Canadian Grocery
$7.99 HERO ATTA
$9.99 AASHIRVAAD ATTA 20LB
$10.99 AASHIRVAAD SELECT ATTA 20LB
$8.99 TAJ ATTA
$2.99 KTC MUSTARD OIL (750 ML)
$11.99 817 RICE
$7.99 INDIA GATE ROZZANA RICE
$8.99 ASIAN BASMATI RICE
$11.99 DAAWAT RICE
$5.99 QUALITY IDLI RICE
$2.99 HAPPY PANEER
$3.99 MOTHER'S DAIRY PANEER
$2.29 DEEP KESAR MANGO PULP
$17.99 TRUST SUGAR
$0.79 BRITANNIA TIGER GLUCOSE BISCUIT (300G)
$1.29 BR MILK & WHEAT RUSK (305G)
$3.99 MOTHER FOOD MAKHANI (250G)
$3.99 HEINZ KETCHUP
$0.99 MR. GOUDAS SALT
$2.99 DABUR MUSTARD OIL
$6.99 APNA TASTE RASMALAI
$4.99 GOLDEN COOKIES
$1.49 MR GOUDAS CHICK PEAS
$3.99 ALMONDS
$1.99 LINDA SOAP (270G)
$4.99 BIKANERI COOKIES
$1.99 SAFFRON
$9.99 TETLEY TEA
$6.99 RED LABEL TEA
2 FOR $5.00 DABUR REAL JUICE 1L
$2.99 CHANA DAL
$2.99 BLACK CHANA
$2.99 RED LENTILS
$8.99 KASTOORI TOOR DAL (10LB)
$2.99 WHITE CHANA
$7.99 KTC SUNFLOWER OIL (3L)
$1.49 MR GOUDAS RED KIDNEY BEANS (540ML)
$1.49 Y & Y CHOWMEIN NOODLES (454G)
$0.99 SANTOSH NAAN
$9.99 WAGHBAKRI TEA
$2.99 BR MILK RUSK (560G)
$1.29 YIPPEE MASALA NOODLES (280G)
$7.99 MAZOLA CORN OIL (2.84L)
$19.99 BRAR DESI GHEE (3.5LB)
$7.99 BRAR RASMALAI
$5.99 ALSHIFA HONEY
$1.99 BR GOODDAY COOKIES
$3.99 PUNJABI COOKIES
$4.99 APNA TASTE GULAB JAMUN
$3.29 INDIAN ROOHAFZA (800G)
$3.99 BRAR BESAN
$3.99 MEERA BESAN
$7.99 TEA INDIA
$1.79 REDPATH SUGAR (2KG)
$4.99 APNA TASTE ALOO TIKKI
$2.49 EA BOURBON BISCUITS (390GM)
$1.89 +TAX SURATI SNACKS
$2.29 828ML (EA) PALMOLIVE DISHSOAP
$3.99 620G PUNJABI COOKIES
$0.59 75G GOODDAY COOKIES
WE HAVE FIRE CRACKERS AVAILABLE AT SOME LOCATIONS
WE HAVE LARGE QUANTITY OF KARWA ITEMS GLASS BANGLES & ALL DIWALI ITEMS
ETOBICOKE 10 Westmore Dr. 416-740-3262 MEAT SHOP AVAILABLE
MISSISSAUGA 1075 Ceremonial Dr 905-502-1600 MEAT SHOP AVAILABLE
BRAMPTON 621 Wanless Dr. 905-495-3336 MEAT SHOP AVAILABLE
BRAMPTON 2120 N Park Dr. 905-793-1338 MEAT SHOP AVAILABLE
BRAMPTON 80 Pertosa Dr. 905-460-0009
BRAMPTON 40 Airport RD & Lacoste Blvd. 905-794-8109 MEAT SHOP AVAILABLE
BRAMPTON 10510 Torbram Rd. 905-790-0030
BRAMPTON 10 Pannahill Dr. 905-913-8017 MEAT SHOP AVAILABLE
TOLL FREE 1-800-708-9232
We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media

